PAIGAM-E-JAGAT

# ਪੈ.ਗਾਮ-ਏ-ਜਗਤ

Title code : CHAMUL00914 | E-mail : Info@paigamejagat.com | ਐਤਵਾਰ, 28 ਜੂਨ 2026, ਸਾਲ-3, ਅੰਕ-144, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

'ਮਜ਼ਬੂਰੀਆਂ ਸਾਨੂੰ ਮਜ਼ਬੂਤ ਬਣਾਉਣ ਲਈ ਆਉਂਦੀਆਂ ਹਨ; ਉਨ੍ਹਾਂ ਅੱਗੇ ਨਾ ਝੁਕੋ, ਪਰ ਉਨ੍ਹਾਂ ਨਾਲ ਲੜੋ ਅਤੇ ਅੱਗੇ ਵਧੋ।'

# ਨਸ਼ਾ ਮੁਕਤ ਸੂਬਾ ਬਣਨ ਵੱਲ ਵਧ ਰਿਹਾ ਪੰਜਾਬ : ਸੀਐਮ ਮਾਨ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ 'ਸੂਰਮੇ' ਵਜੋਂ ਕੀਤਾ ਸਨਮਾਨਿਤ

- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਸੂਰਮਾ' ਮੁਹਿੰਮ ਦੀ ਕੀਤੀ ਸ਼ੁਰੂਆਤ
- 15 ਜੁਲਾਈ ਤੱਕ ਪੂਰੇ ਪੰਜਾਬ ਵਿੱਚ 3,100 ਪਿੰਡਾਂ ਦੇ ਖੇਡ ਮੈਦਾਨ ਅਤੇ 3,000 ਜਿੰਮ ਤਿਆਰ ਹੋ ਜਾਣਗੇ: ਭਗਵੰਤ ਮਾਨ

ਲੁਧਿਆਣਾ, 27 ਜੂਨ
(ਪੈਗਾਮ-ਏ-ਜਗਤ)

ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੀ ਦਿਸ਼ਾ ਵੱਲ ਮਜ਼ਬੂਤੀ ਨਾਲ ਕਦਮ ਵਧਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਪਣੀ ਸਰਕਾਰ ਦੀ 'ਯੁੱਧ ਨ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਅਗਲੇ ਪੜਾਅ 'ਤੇ ਜਿਸਾਂਦਿਆਂ 'ਸੂਰਮਾ' ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਨਸ਼ਾ ਮੁਕਤ ਹੋਏ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ 'ਸੂਰਮਾ' ਛਾਪਾਂ (ਰਿੰਗ) ਅਤੇ ਟੀ-ਸਰਟਾਂ ਨਾਲ ਸਨਮਾਨਿਤ ਕੀਤਾ।

ਇਸ ਨੂੰ ਸੂਬੇ ਦੀ ਨਸ਼ਾ ਵਿਰੋਧੀ ਮੁਹਿੰਮ ਦਾ ਅਗਲਾ ਪੜਾਅ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਉਪਰਾਲੇ ਦਾ ਉਦੇਸ਼ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ 'ਉਮੀਦ ਦੇ ਦੂਤ' ਵਜੋਂ ਪੇਸ਼ ਕਰਨਾ ਹੈ, ਜੋ ਜਮੀਨੀ ਪੱਧਰ 'ਤੇ ਨਸ਼ਿਆਂ ਖ਼ਿਲਾਫ਼ ਜੰਗ ਦੀ ਅਗਵਾਈ ਕਰਨਗੇ। ਦੇ ਸਾਲਾਂ ਤੋਂ ਵੱਧ ਸਮੇਂ ਤੋਂ ਨਸ਼ਾ ਮੁਕਤ ਰਹਿਣ ਵਾਲੇ ਵਿਅਕਤੀਆਂ ਦਾ ਸਨਮਾਨ ਕਰਦਿਆਂ ਉਨ੍ਹਾਂ ਨੇ ਐਲਾਨ ਕੀਤਾ ਕਿ ਇਹ ਨੌਜਵਾਨ ਨਾ ਸਿਰਫ ਦੂਜਿਆਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਨਗੇ, ਸਗੋਂ ਸੂਬਾ ਸਰਕਾਰ ਵੱਲੋਂ ਉਨ੍ਹਾਂ ਨੂੰ ਰੋਜ਼ਗਾਰ ਦੇ ਮੌਕੇ ਵੀ ਮੁਹੱਈਆ ਕਰਵਾਏ ਜਾਣਗੇ।

ਖੇਡਾਂ ਨੂੰ ਨਸ਼ਿਆਂ ਦੀ ਅਲਾਮਤ ਵਿਰੁੱਧ ਸਭ ਤੋਂ ਕਾਰਗਰ ਹਥਿਆਰ ਦੱਸਦਿਆਂ ਉਨ੍ਹਾਂ ਐਲਾਨ ਕੀਤਾ ਕਿ 15 ਜੁਲਾਈ ਤੱਕ ਪੰਜਾਬ ਭਰ ਵਿੱਚ ਲਗਭਗ 3,100 ਪਿੰਡਾਂ ਦੇ ਖੇਡ ਮੈਦਾਨ ਅਤੇ 3,000 ਜਿੰਮ ਚਾਲੂ ਕਰ ਦਿੱਤੇ ਜਾਣਗੇ ਤਾਂ ਜੋ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਾਇਆ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮਿਆਰੀ ਸਿੱਖਿਆ, ਸਾਫ਼ਿਆਂ ਲਈ ਸਿਹਤ ਸਹੂਲਤਾਂ, ਖੇਡਾਂ ਦੇ ਬੁਨਿਆਦੀ ਢਾਂਚੇ ਅਤੇ ਮੁਫ਼ਤ-ਵਸੰਬੇ 'ਤੇ ਇੱਕੋ ਸਮੇਂ ਧਿਆਨ ਦਿੱਤਾ ਜਾ ਰਿਹਾ ਹੈ ਜੋ ਨਸ਼ਾ-ਮੁਕਤ ਅਤੇ ਰੰਗਲੇ ਪੰਜਾਬ ਦੀ ਨੀਂਹ ਰੱਖ ਰਿਹਾ ਹੈ।

ਕੁਝ ਮੁੱਖ ਨੁਕਤੇ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਐਕਸ' 'ਤੇ ਲਿਖਿਆ, "ਅੱਜ ਅਸੀਂ 'ਸੂਰਮਾ ਮੁਹਿੰਮ' ਦੀ ਸ਼ੁਰੂਆਤ ਕੀਤੀ ਹੈ ਅਤੇ ਉਨ੍ਹਾਂ ਨੌਜਵਾਨਾਂ ਨੂੰ ਸਨਮਾਨਿਤ ਕੀਤਾ ਹੈ ਜੋ ਨਸ਼ਿਆਂ ਦੇ ਚੁੰਗਲ 'ਚੋਂ ਨਿਕਲ ਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰ ਚੁੱਕੇ ਹਨ। ਦੂਜਿਆਂ ਲਈ ਰੋਲ ਮਾਡਲ ਬਣੇ ਇਨ੍ਹਾਂ ਪ੍ਰੇਰਨਾਦਾਇਕ ਨੌਜਵਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਰੋਜ਼ਗਾਰ ਦੇ ਮੌਕੇ ਵੀ ਦਿੱਤੇ ਜਾਣਗੇ।

15 ਜੁਲਾਈ ਤੱਕ ਪੰਜਾਬ ਭਰ ਦੇ ਨੌਜਵਾਨਾਂ ਲਈ 3,100 ਨਵੇਂ ਖੇਡ ਮੈਦਾਨ ਅਤੇ 3,000 ਜਿੰਮ ਤਿਆਰ ਹੋ ਜਾਣਗੇ। ਅੱਜ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ ਭਰ ਵਿੱਚੋਂ ਨੰਬਰ ਇਕ 'ਤੇ ਹੈ ਅਤੇ 47 ਲੱਖ ਪਰਿਵਾਰਾਂ ਨੂੰ ਮੁਫਤ ਇਲਾਜ ਲਈ 10 ਲੱਖ ਰੁਪਏ ਦੇ 'ਮੁੱਖ ਮੰਤਰੀ ਸਿਹਤ ਯੋਜਨਾ' ਕਾਰਡ ਮਿਲ ਚੁੱਕੇ ਹਨ। ਸਡਕ ਸੁਰੱਖਿਆ ਫੋਰਸ (ਐਸ ਐਸ ਐਫ) ਨੇ ਸਡਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਨੂੰ 50 ਫੀਸਦੀ ਤੱਕ ਘਟਾ ਦਿੱਤਾ ਹੈ, ਜਿਸ ਨਾਲ ਹਰ ਸਾਲ ਲਗਭਗ 2,700 ਕੀਮਤੀ ਜਾਨਾਂ ਬਚ ਰਹੀਆਂ ਹਨ। ਜਦੋਂ ਨੀਅਤ ਸਾਫ ਹੋਵੇ ਤਾਂ ਕੁਝ ਵੀ ਅਸੰਭਵ ਨਹੀਂ ਹੁੰਦਾ। ਆਓ ਸਾਰੇ ਰਲ ਕੇ ਰੰਗਲਾ ਪੰਜਾਬ ਬਣਾਈਏ।" ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮਾਗਮ ਵਿੱਚ ਹਾਜਰ ਨੌਜਵਾਨਾਂ ਨੇ ਨਸ਼ਿਆਂ ਕਾਰਨ ਸਭ ਕੁਝ ਗੁਆਉਣ ਤੋਂ ਬਾਅਦ ਇਸ ਦਲਦਲ ਵਿੱਚੋਂ ਬਾਹਰ ਨਿਕਲ ਕੇ ਇਤਿਹਾਸਕ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਅੱਜ ਇਨ੍ਹਾਂ ਦਾ ਸਨਮਾਨ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਸਮਾਜਿਕ ਨਾਮੋਸ਼ੀ ਦੇ ਬਾਵਜੂਦ ਇਨ੍ਹਾਂ ਨੇ ਨਸ਼ੇ ਨੂੰ ਹਰਾਉਣ ਦਾ ਅਸਾਧਾਰਨ ਸਾਹਸ ਦਿਖਾਇਆ ਹੈ। (ਬਾਕੀ ਸਫ਼ਾ 2 'ਤੇ)

# ਕਰਨਾਲ: ਸੜਕ ਹਾਦਸੇ ਵਿੱਚ ਤਿੰਨ ਮੌਤਾਂ, ਦੋ ਔਰਤਾਂ ਗੰਭੀਰ ਜ਼ਖਮੀ

## ਸ਼੍ਰੀ ਖਾਟੂ ਸ਼ਿਆਮ ਮੰਦਰ ਜਾ ਰਹੇ ਸੀ ਸ਼ਰਧਾਲੂ

ਕਰਨਲ, 27 ਜੂਨ
(ਪੈਗਾਮ-ਏ-ਜਗਤ)

ਸ਼ਨੀਵਾਰ ਸਵੇਰੇ ਰਾਸ਼ਟਰੀ ਰਾਜਮਾਰਗ 152-ਡੀ 'ਤੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਖਾਟੂ ਸ਼ਿਆਮ ਮੰਦਰ ਜਾ ਰਹੇ ਤਿੰਨ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ ਦੋ ਔਰਤਾਂ ਗੰਭੀਰ ਜ਼ਖਮੀ ਹੋ ਗਈਆਂ।

ਮਿਤੂਕਾਂ ਵਿੱਚ ਸੈਕਟਰ 8 ਪਾਰਟ 2, ਕਰਨਾਲ ਦੇ ਵਸਨੀਕ ਧਰਮਪਾਲ ਵਾਸਨ (45), ਉਸਦਾ ਜੀਜਾ ਰਾਜਕੁਮਾਰ (50), ਸੈਕਟਰ 13 ਦਾ ਨਿਵਾਸੀ ਅਤੇ ਧਰਮਪਾਲ ਦੀ ਭਰਜਾਈ ਸਵੀਟੀ (40) ਸ਼ਾਮਲ ਹਨ। ਧਰਮਪਾਲ ਦੀ ਪਤਨੀ ਨੀਤੂ (40) ਅਤੇ ਰਾਜਕੁਮਾਰ ਦੀ ਪਤਨੀ ਰਿਤੂ (42) ਜ਼ਖਮੀ ਹੋ ਗਈਆਂ ਹਨ। ਮੁੱਢਲੀ ਜਾਂਚ ਅਨੁਸਾਰ, ਲਾਜਵਾਨਾ ਕਲਾਂ ਪਿੰਡ ਨੇੜੇ ਅਚਾਨਕ ਇੱਕ ਕੁੱਤਾ ਕਾਰ ਦੇ ਸਾਹਮਣੇ ਆ ਗਿਆ। ਉਸਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ, ਕਾਰ ਨੁਕਸਾਨੀ ਗਈ। ਜਦੋਂ ਸਾਰੇ ਸਥਿਤੀ ਦਾ ਜਾਇਜ਼ਾ ਲੈ ਰਹੇ ਸਨ, ਤਾਂ ਪਿੱਛੋਂ ਤੋਂ ਆਏ ਹਰੇ ਇੱਕ ਤੇਜ਼ ਰਫ਼ਤਾਰ ਟਰੱਕ ਨੇ ਕਾਰ ਅਤੇ ਸੜਕ 'ਤੇ ਖੜ੍ਹੇ ਲੋਕਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਤੋਂ ਬਾਅਦ, ਕਾਰ ਅਤੇ ਟਰੱਕ ਸੜਕ ਕਿਨਾਰੇ ਖੱਡ ਵਿੱਚ ਪਲਟ ਗਏ। ਟਰੱਕ ਡਰਾਈਵਰ ਅਤੇ (ਬਾਕੀ ਸਫ਼ਾ 2 'ਤੇ)

ਪੰਜਾਬ 'ਚ ਯੂਰੀਆ ਖਾਦ ਦਾ ਕਰੋੜਾਂ ਦਾ ਸਕੈਂਡਲ ਬੇਪਰਦ

# ਕਿਸਾਨਾਂ ਦੀ ਸਬਸਿਡੀ ਵਾਲੀ ਖਾਦ ਮਾਰਕਫੈੱਡ ਤੇ ਮਿਲਕਫੈੱਡ ਪਲਾਂਟਾਂ 'ਚ ਪੁੱਜੀ

- ਕੋਈ ਕੁਤਾਹੀ ਬਰਦਾਸ਼ਤ ਨਹੀਂ ਕਰਾਂਗੇ : ਖੇਤੀ ਮੰਤਰੀ

ਚੰਡੀਗੜ੍ਹ, 27 ਜੂਨ
(ਪੈਗਾਮ-ਏ-ਜਗਤ)

ਪੰਜਾਬ 'ਚ ਖੇਤੀ ਸੈਕਟਰ ਦੀ ਸਬਸਿਡੀ ਵਾਲੀ ਯੂਰੀਆ ਖਾਦ ਦੀ ਸਨਅਤੀ ਕੈਟਲ ਫੀਡ ਪਲਾਂਟਾਂ 'ਚ ਵਰਤੋਂ ਕੀਤੇ ਜਾਣ ਦਾ ਕਰੋੜਾਂ ਰੁਪਏ ਦਾ ਸਕੈਂਡਲ ਬੇਪਰਦ ਹੋਇਆ ਹੈ। ਹੈਰਾਨੀ ਭਰੇ ਤੱਥ ਹਨ ਕਿ ਪ੍ਰਾਈਵੇਟ ਕੰਪਨੀਆਂ ਨੇ ਕਿਸਾਨਾਂ ਨੂੰ ਭੇਜੇ ਜਾਂਦੇ ਸਬਸਿਡੀ ਵਾਲੇ ਯੂਰੀਆ ਖਾਦ ਦੇ ਬੋਰਾਂ 'ਤੇ ਨਵੇਂ ਲੈਬਲ ਲਗਾ ਕੇ ਪੰਜਾਬ ਦੇ ਮਾਰਕਫੈੱਡ ਤੇ ਮਿਲਕਫੈੱਡ ਦੇ ਕੈਟਲ ਫੀਡ ਪਲਾਂਟਾਂ ਨੂੰ ਸਪਲਾਈ ਕਰ ਦਿੱਤੇ।

ਜਦੋਂ ਖੇਤੀਬਾੜੀ ਮਹਿਕਮੇ ਨੇ ਕਿਸਾਨ ਆਗੂਆਂ ਦੀਆਂ ਸ਼ਿਕਾਇਤਾਂ ਮਿਲਣ ਮਗਰੋਂ ਮਾਰਕਫੈੱਡ ਤੇ ਮਿਲਕਫੈੱਡ ਦੇ ਚਾਰ ਕੈਟਲ ਫੀਡ ਪਲਾਂਟਾਂ ਦੀ ਯੂਰੀਆ ਖਾਦ ਦੇ ਨਮੂਨੇ ਭਰੇ ਤਾਂ ਇਨ੍ਹਾਂ 'ਚ ਪੁਸ਼ਟੀ ਹੋ ਗਈ ਕਿ ਕੈਟਲ ਫੀਡ ਪਲਾਂਟਾਂ 'ਚ ਗੈਰ ਖੇਤੀ ਵਰਤੋਂ ਵਾਲੀ ਯੂਰੀਆ ਦੀ ਥਾਂ ਕਿਸਾਨਾਂ ਦੀ ਦਿੱਤੀ ਜਾਣ ਵਾਲੀ ਸਬਸਿਡੀ ਵਾਲੀ ਯੂਰੀਆ ਵਰਤੀ ਜਾ ਰਹੀ ਹੈ।

ਦੱਸਣਯੋਗ ਹੈ ਕਿ ਕੈਟਲ ਫੀਡ ਇੰਡਸਟਰੀ 'ਚ ਟੋਕਨੀਕਲ ਗਰੇਡ ਯੂਰੀਏ ਦੀ ਵਰਤੋਂ ਹੁੰਦੀ ਹੈ, ਉਸ 'ਤੇ ਨਿੰਮ ਦੇ ਤੇਲ ਦੀ ਪਰਤ ਨਹੀਂ ਚੜ੍ਹੀ ਹੁੰਦੀ ਅਤੇ ਇਸ ਦੀ ਪੈਕਿੰਗ ਚਿੱਟੇ ਰੰਗ ਦੇ ਥੈਲਿਆਂ 'ਚ ਹੁੰਦੀ ਹੈ। ਟੋਕਨੀਕਲ ਗਰੇਡ ਯੂਰੀਏ ਦੀ ਕੀਮਤ ਕਰੀਬ 61 ਰੁਪਏ ਪ੍ਰਤੀ ਕਿੱਲੋ ਹੁੰਦੀ ਹੈ ਅਤੇ ਇਸ 'ਤੇ ਕੋਈ ਸਬਸਿਡੀ ਨਹੀਂ ਹੁੰਦੀ ਹੈ। ਜੋ ਕਿਸਾਨਾਂ ਨੂੰ ਸਬਸਿਡੀ ਵਾਲੀ ਯੂਰੀਆ ਖਾਦ ਸਪਲਾਈ ਹੁੰਦੀ ਹੈ, ਉਸ 'ਤੇ ਨਿੰਮ ਦੇ ਤੇਲ ਦੀ ਪਰਤ ਚੜ੍ਹਾਈ ਹੁੰਦੀ ਅਤੇ ਇਸ ਦੀ ਪੈਕਿੰਗ ਪੀਲੇ ਰੰਗ ਦੇ ਥੈਲਿਆਂ 'ਚ ਸਪਲਾਈ ਹੁੰਦੀ ਹੈ।

ਸਬਸਿਡੀ ਵਾਲੀ ਯੂਰੀਆ ਖਾਦ ਦੀ ਕੀਮਤ 5.91 ਰੁਪਏ ਪ੍ਰਤੀ ਕਿੱਲੋ ਹੁੰਦੀ ਹੈ। ਸੂਤਰ ਆਖਦੇ ਹਨ ਕਿ ਸਬਸਿਡੀ ਵਾਲੀ ਖਾਦ ਇਨ੍ਹਾਂ ਕੰਪਨੀਆਂ ਨੇ ਕਿਥੋਂ ਪ੍ਰਾਪਤ ਕੀਤੀ, ਇਸ 'ਚ ਵੀ ਵੱਡਾ ਭੇਤ ਹੈ।

ਪੜਤਾਲ ਅਨੁਸਾਰ ਮਿਲਕਫੈੱਡ ਤੇ ਮਾਰਕਫੈੱਡ ਦੇ ਕੈਟਲ ਫੀਡ ਪਲਾਂਟਾਂ ਨੂੰ ਰਿਲਿਸ਼ਬਾਹਾ ਦੀ ਮੈਸਰਜ਼ ਇੰਡੋ ਆਰਗੈਨਿਕ ਅਤੇ ਮੈਸਰਜ਼ ਮਨੀਸ਼ਾ ਟਰੇਡਿੰਗ ਕੰਪਨੀ, ਨਵੀਂ ਦਿੱਲੀ ਵੱਲੋਂ ਯੂਰੀਆ ਦੀ ਸਪਲਾਈ ਦਿੱਤੀ ਗਈ। ਮਿਲਕਫੈੱਡ ਤੇ ਮਾਰਕਫੈੱਡ ਵੱਲੋਂ ਕੀਤੇ ਟੈਂਡਰਾਂ ਅਨੁਸਾਰ ਇਨ੍ਹਾਂ ਫ਼ਰਮਾਂ ਵੱਲੋਂ ਕੈਟਲ ਫੀਡ ਪਲਾਂਟਾਂ ਨੂੰ ਟੋਕਨੀਕਲ ਗਰੇਡ ਯੂਰੀਆ (ਗੈਰ ਸਬਸਿਡੀ ਵਾਲਾ) ਸਪਲਾਈ ਕੀਤਾ ਜਾਣਾ ਸੀ, ਪ੍ਰੰਤੂ ਜੋ ਖੇਤੀ ਮਹਿਕਮੇ ਨੂੰ ਚੈਕਿੰਗ ਦੌਰਾਨ ਪਲਾਂਟਾਂ ਚੋਂ ਯੂਰੀਆ ਮਿਲਿਆ ਹੈ, ਉਹ ਨਿੰਮ ਦੀ ਪਰਤ ਅਤੇ ਸਬਸਿਡੀ ਵਾਲਾ ਹੈ।

ਸ਼ੱਕ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਕੰਪਨੀਆਂ ਨੇ ਸਬਸਿਡੀ ਵਾਲੇ ਯੂਰੀਏ ਨੂੰ ਨਵੇਂ ਥੈਲਿਆਂ 'ਚ ਪਾ ਕੇ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ। ਇਸ 'ਚ ਮਿਲਕਫੈੱਡ ਅਤੇ ਮਾਰਕਫੈੱਡ ਦੇ ਅਧਿਕਾਰੀਆਂ ਦੀ ਮਿਲੀਭੁਗਤ ਵੀ ਦੱਸੀ ਜਾ ਰਹੀ ਹੈ। ਖੇਤੀ ਮਹਿਕਮੇ ਨੇ ਮਿਲਕਫੈੱਡ ਦੀ ਖੰਨਾ ਵਿਚਲੀ ਕੈਟ ਫੀਡ ਫ਼ੈਕਟਰੀ ਦੀ ਚੈਕਿੰਗ ਕੀਤੀ ਜਿਸ ਚੋਂ 1340 ਥੈਲਾ ਟੋਕਨੀਕਲ ਗਰੇਡ ਯੂਰੀਏ ਦੇ ਮਿਲੇ।

ਇਸ ਖਾਦ ਦਾ ਸਪਲਾਈ ਰਜਿਸਟਰ ਅਤੇ ਸਟਾਕ ਰਜਿਸਟਰ ਤਾਂ ਮੰਜੂਦ ਸੀ ਪ੍ਰੰਤੂ ਟੋਡਰਾਂ ਦੀ ਕਾਪੀ, ਸਪਲਾਇਰ ਕੰਪਨੀਆਂ ਦੇ ਲਾਇਸੇਂਸ ਆਦਿ ਪੇਸ਼ ਨਹੀਂ ਕੀਤੇ ਗਏ। ਖੇਤੀ ਟੀਮ ਨੇ ਖਾਦ ਦੇ ਤਿੰਨ ਨਮੂਨੇ ਭਰ ਕੇ ਜਦੋਂ ਖਾਦ ਪਰਖ ਲੈਬਾਰਟਰੀ ਲੁਧਿਆਣਾ ਤੋਂ ਚੈਕਿੰਗ ਕਰਾਈ ਤਾਂ ਇਹ ਸਬਸਿਡੀ ਵਾਲਾ ਯੂਰੀਆ ਨਿਕਲਿਆ।

ਇਨ੍ਹਾਂ ਨਮੂਨਿਆਂ 'ਚ ਇਹ ਨੀਮ ਤੇਲ ਵਾਲਾ ਯੂਰੀਆ ਪਾਇਆ ਗਿਆ ਜਿਸ ਦੀ ਵਰਤੋਂ ਕਿਸਾਨ ਖੇਤੀ ਲਈ ਕਰਦੇ ਹਨ। ਇਸੇ ਤਰ੍ਹਾਂ ਖੇਤੀ ਮਹਿਕਮੇ ਨੇ ਮਿਲਕਫੈੱਡ ਦੀ ਕੈਟਲ ਫੀਡ ਫ਼ੈਕਟਰੀ ਬਟਾਲਾ ਦੀ 22 ਜੂਨ ਨੂੰ ਚੈਕਿੰਗ ਕੀਤੀ (ਬਾਕੀ ਸਫ਼ਾ 2 'ਤੇ)

ਕਰਨਪ੍ਰਯਾਗ ਹਿੰਸਕ ਝੜਪ ਦੇ ਮਾਮਲਾ

# ਉੱਤਰਾਖੰਡ: ਚਾਰ ਨਿਹੰਗ ਸਿੰਘਾਂ ਨੂੰ ਜ਼ਮਾਨਤ ਮਿਲੀ

- ਅਦਾਲਤ ਨੇ 50-50 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ 'ਤੇ ਰਿਹਾਈ ਦੇ ਦਿੱਤੇ ਹੁਕਮ

ਦੇਹਰਾਦੂਨ, 27 ਜੂਨ
(ਪੈਗਾਮ-ਏ-ਜਗਤ)

ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਨੇ 16 ਜੂਨ ਨੂੰ ਕਰਨਪ੍ਰਯਾਗ ਵਿੱਚ ਹਿੰਸਕ ਝੜਪ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਚਾਰ ਨਿਹੰਗ ਸਿੰਘਾਂ ਨੂੰ ਅੱਜ ਸ਼ਨਿਚਰਵਾਰ ਨੂੰ ਜ਼ਮਾਨਤ ਦੇ ਦਿੱਤੀ। ਜ਼ਿਲ੍ਹਾ ਅਤੇ ਸੈਸ਼ਨ ਜੱਜ ਬਿਧਿਆਚਲ ਸਿੰਘ ਨੇ ਸਤਵਿੰਦਰ ਸਿੰਘ, ਅਜੈ ਸਿੰਘ, ਜਸਪਤੀਸ਼ ਸਿੰਘ ਅਤੇ ਮਨਪ੍ਰੀਤ ਸਿੰਘ ਦੀਆਂ ਜ਼ਮਾਨਤ ਅਰਜ਼ੀਆਂ ਮਨਜ਼ੂਰ ਕਰਦਿਆਂ ਹਰੇਕ ਨੂੰ 50 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ ਅਤੇ ਇਨੀ ਹੀ ਰਕਮ ਦੀਆਂ ਦੋ ਜ਼ਮਾਨਤਾਂ 'ਤੇ ਰਿਹਾਅ ਕਰਨ ਦੇ ਹੁਕਮ ਦਿੱਤੇ।

ਦੱਸਣਾ ਬਣਦਾ ਹੈ ਕਿ 16 ਜੂਨ ਨੂੰ ਕਰਨਪ੍ਰਯਾਗ ਵਿੱਚ ਸਥਾਨਕ ਲੋਕਾਂ ਅਤੇ ਨਿਹੰਗ ਸਿੰਘਾਂ ਵਿਚਾਲੇ

ਛੋਟੀ ਜਿਹੀ ਗੱਲ ਤੋਂ ਵਿਵਾਦ ਵੱਧ ਗਿਆ ਸੀ। ਇਸ ਹਮਲੇ ਵਿਚ ਕੁਝ ਲੋਕ ਜ਼ਖ਼ਮੀ ਹੋ ਗਏ ਸਨ। ਇਸ ਘਟਨਾ ਵਿੱਚ ਇੱਕ ਨਿਹੰਗ ਸਿੰਘ ਵੀ ਜ਼ਖ਼ਮੀ ਹੋਇਆ ਸੀ। ਬਾਅਦ ਵਿੱਚ ਪੁਲੀਸ ਨੇ ਮਾਮਲਾ ਦਰਜ ਕਰਕੇ ਚਾਰ ਨਿਹੰਗ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ ਚਾਰਾਂ ਜਣਿਆਂ ਨੂੰ ਝੂਠੇ ਮਾਮਲੇ ਵਿੱਚ ਫਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਨਿਹੰਗ ਸਿੰਘ ਧਾਰਮਿਕ ਯਾਤਰਾ 'ਤੇ ਸਨ, ਜਦੋਂ ਕਈ ਸਥਾਨਕ ਲੋਕਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ, ਜਿਸ ਵਿੱਚ ਮਨਪ੍ਰੀਤ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਦੂਜੇ ਪਾਸੇ ਸਰਕਾਰੀ ਪੱਖ ਨੇ ਜ਼ਮਾਨਤ ਦਾ ਵਿਰੋਧ ਕਰਦਿਆਂ ਕਿਹਾ ਕਿ ਦੋਸ਼ ਗੰਭੀਰ ਹਨ ਅਤੇ ਮੁਲਜ਼ਮਾਂ ਦੀ ਰਿਹਾਈ ਨਾਲ ਸਬੂਤਾਂ ਨਾਲ ਛੇੜਛਾੜ ਹੋ ਸਕਦੀ ਹੈ। ਸਰਕਾਰੀ ਵਕੀਲ ਨੇ ਦੱਸਿਆ ਕਿ ਸੜਕ ਹਾਦਸੇ ਤੋਂ ਬਾਅਦ ਹੋਏ ਵਿਵਾਦ ਨੇ ਹਿੰਸਕ ਰੂਪ ਧਾਰ ਲਿਆ ਸੀ ਅਤੇ ਜਾਂਚ (ਬਾਕੀ ਸਫ਼ਾ 2 'ਤੇ)

# ਚੰਡੀਗੜ੍ਹ, ਪੰਜਾਬ ਤੇ ਹਰਿਆਣਾ ਵਿੱਚ ਭੂਚਾਲ ਦੇ ਝਟਕੇ

- ਅਫਗਾਨਿਸਤਾਨ ਰਿਹਾ ਕੇਂਦਰ; ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਸੂਚਨਾ ਨਹੀਂ

ਚੰਡੀਗੜ੍ਹ, 27 ਜੂਨ
(ਪੈਗਾਮ-ਏ-ਜਗਤ)

ਚੰਡੀਗੜ੍ਹ, ਪੰਜਾਬ ਤੇ ਹਰਿਆਣਾ ਵਿੱਚ ਅੱਜ ਸ਼ਨਿਚਰਵਾਰ ਸ਼ਾਮ ਭੂਚਾਲ ਦੇ ਹਲਕੇ ਝਟਕੇ ਮਹਿਸੂਸ ਕੀਤੇ ਗਏ। ਝਟਕੇ ਮਹਿਸੂਸ ਹੁੰਦੇ ਹੀ ਕਈ ਲੋਕ ਦਿਹਾੜਿਆਤ ਵਜੋਂ ਆਪਣੇ ਘਰਾਂ ਅਤੇ ਹੋਰ ਇਮਾਰਤਾਂ ਤੋਂ ਬਾਹਰ ਨਿਕਲ

# ਕੁਟਲੈਹੜ ਮਹੋਤਸਵ ਦੀ ਸੱਭਿਆਚਾਰਕ ਸੰਧਿਆ ਵਿੱਚ ਉਮੜਿਆ ਜਨ ਸੈਲਾਬ, ਉਪ ਮੁੱਖ ਰੇਤਰ ਕੇਵਲ ਸਿੰਘ ਪਠਾਨੀਆ ਰਹੇ ਮੁੱਖ ਮਹਿਮਾਨ

ਬੰਗਾਣਾ/ਊਨਾ, 27 ਜੂਨ
(ਪੈਗ਼ਾਮ-ਏ-ਜਗਤ)

24 ਤੋਂ 26 ਜੂਨ ਤੱਕ ਆਯੋਜਿਤ ਜ਼ਿਲ੍ਹਾ ਪੱਧਰੀ ਇਤਿਹਾਸਕ ਪਿਪਲੂ ਮੇਲਾ-2026 ਦੇ ਸੱਭਿਆਚਾਰਕ ਵਿਸਥਾਰ ਵਜੋਂ ਲਗਾਤਾਰ ਦੂਜੇ ਸਾਲ ਕਰਵਾਏ ਗਏ ਕੁਟਲੈਹੜ ਮਹੋਤਸਵ ਦੀ ਸ਼ਾਨਦਾਰ ਸੱਭਿਆਚਾਰਕ ਸੰਧਿਆ ਦੌਰਾਨ ਸ਼ੁੱਕਰਵਾਰ ਨੂੰ ਵੱਡੀ ਗਿਣਤੀ ਵਿੱਚ ਲੋਕਾਂ ਦਾ ਇਕੱਠ ਦੇਖਣ ਨੂੰ ਮਿਲਿਆ।

- ਮੁੱਖ ਮੰਤਰੀ ਕੋਲ ਪਿਪਲੂ ਮੇਲੇ ਨੂੰ ਰਾਜ ਪੱਧਰੀ ਮੇਲੇ ਦਾ ਦਰਜਾ ਦੇਣ ਦੀ ਕਰਨਗੇ ਸਿਫ਼ਾਰਸ਼, ਮਹੋਤਸਵ ਲਈ ਇੱਕ ਲੱਖ ਰੁਪਏ ਦੇਣ ਦਾ ਕੀਤਾ ਐਲਾਨ

ਬੰਗਾਣਾ ਦੇ ਸ਼ਲੇਤ ਵਿਖੇ ਆਯੋਜਿਤ ਇਸ ਸਮਾਗਮ ਵਿੱਚ ਹਜ਼ਾਰਾਂ ਲੋਕਾਂ ਨੇ ਲੋਕ ਸੱਭਿਆਚਾਰ, ਲੋਕ ਸੰਗੀਤ ਅਤੇ ਰੋਗਰੰਗ ਪੇਸ਼ਕਾਰੀਆਂ ਦਾ ਭਰਪੂਰ ਆਨੰਦ ਮਾਣਿਆ।

ਸੱਭਿਆਚਾਰਕ ਸੰਧਿਆ ਵਿੱਚ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਉਪ ਮੁੱਖ ਚੇਤਕ ਅਤੇ ਸ਼ਾਹਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਕੇਵਲ ਸਿੰਘ ਪਠਾਨੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਇੰਦੌਰਾ ਦੇ ਵਿਧਾਇਕ ਮਲੇਂਦਰ ਰਾਜਨ, ਚਿੰਤਪੂਰਨੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਸੁਦਰਸ਼ਨ ਸਿੰਘ ਬਬਲੂ ਅਤੇ ਹਿਮਾਚਲ ਪ੍ਰਦੇਸ਼ ਦੇ ਮਹਾਂ ਅਧਿਵਕਤਾ ਅਨੁਪ ਰਤਨ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ। ਹਿਮਾਚਲ ਪ੍ਰਦੇਸ਼ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਐਡਵੋਕੇਟ ਵਿਜੈ ਡੋਗਰਾ ਅਤੇ ਡਿਪਟੀ ਕਮਿਸ਼ਨਰ ਜਤਿਨ ਲਾਲ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਥਾਨਕ ਵਿਧਾਇਕ ਵਿਵੇਕ ਸ਼ਰਮਾ ਅਤੇ ਉਨ੍ਹਾਂ ਦੀ ਧਰਮ ਪਤਨੀ ਮਿਦੂ ਸ਼ਰਮਾ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਅਤੇ ਸਨਮਾਨ ਕੀਤਾ।

ਆਪਣੇ ਸੰਬੋਧਨ ਵਿੱਚ ਕੇਵਲ ਸਿੰਘ ਪਠਾਨੀਆ ਨੇ ਕੁਟਲੈਹੜ ਮਹੋਤਸਵ ਦੇ ਸਫਲ ਆਯੋਜਨ ਲਈ ਵਿਧਾਇਕ ਵਿਵੇਕ ਸ਼ਰਮਾ, ਆਯੋਜਨ ਕਮੇਟੀ, ਜ਼ਿਲ੍ਹਾ ਪ੍ਰਸ਼ਾਸਨ ਅਤੇ ਇਲਾਕਾ ਵਾਸੀਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਗਮ ਸਾਡੀ ਅਮੀਰ ਵਿਰਾਸਤ, ਲੋਕ ਪਰੰਪਰਾਵਾਂ ਅਤੇ ਸਮਾਜਿਕ ਏਕਤਾ ਦੇ ਪ੍ਰਤੀਕ ਹਨ। ਇਹ ਸਮਾਗਮ ਸਮਾਜ ਨੂੰ ਜੋੜਨ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਨੂੰ ਆਪਣੀ ਸੱਭਿਆਚਾਰਕ ਅਤੇ ਜੜ੍ਹਾਂ ਨਾਲ ਜੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਹੇਠ ਸੂਬਾ ਸਰਕਾਰ ਧਾਰਮਿਕ ਅਤੇ ਸੱਭਿਆਚਾਰਕ ਸਮਾਗਮਾਂ ਨੂੰ ਉਤਸ਼ਾਹਿਤ ਕਰ ਰਹੀ ਹੈ ਤਾਂ ਜੋ ਨੌਜਵਾਨ ਪੀੜ੍ਹੀ ਆਪਣੀ ਲੋਕ ਸੱਭਿਆਚਾਰਾ ਨਾਲ ਜੁੜੀ ਰਹੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਦੀ ਸੋਚ ਅਨੁਸਾਰ ਸੂਬੇ ਵਿੱਚ ਸੱਭਿਆਚਾਰਕ ਸਮਾਗਮਾਂ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਨੌਜਵਾਨਾਂ ਨੂੰ ਮੋਬਾਈਲ ਸੰਸਕ੍ਰਿਤੀ ਤੋਂ ਦੂਰ ਕਰਕੇ ਆਪਣੀਆਂ ਪਰੰਪਰਾਵਾਂ ਅਤੇ ਸਮਾਜਿਕ ਕਦਰਾਂ-ਕੀਮਤਾਂ ਨਾਲ ਜੋੜਨ ਦਾ ਪ੍ਰਭਾਵਸ਼ਾਲੀ ਮਾਧਿਅਮ ਬਣ ਰਹੇ ਹਨ। ਵਿਧਾਇਕ ਵਿਵੇਕ ਸ਼ਰਮਾ ਨੇ ਮਹੋਤਸਵ ਨੂੰ ਸਫਲ ਬਣਾਉਣ ਲਈ ਸਾਰੇ ਆਯੋਜਕਾਂ, ਅਧਿਕਾਰੀਆਂ, ਸਹਿਯੋਗੀ ਸੰਸਥਾਵਾਂ ਅਤੇ ਇਲਾਕਾ ਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕੀਤੇ ਵਾਅਦੇ ਅਨੁਸਾਰ ਲਗਾਤਾਰ ਦੂਜੇ ਸਾਲ ਕੁਟਲੈਹੜ ਮਹੋਤਸਵ ਦਾ ਆਯੋਜਨ ਕੀਤਾ ਗਿਆ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਇਸ ਨੂੰ ਹੋਰ ਵੀ ਸ਼ਾਨਦਾਰ ਅਤੇ ਵਿਸ਼ਾਲ ਰੂਪ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਮਹੋਤਸਵ ਖੇਤਰ ਦੀ ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਲੋਕਾਂ ਨੂੰ ਇੱਕ ਮੰਚ 'ਤੇ ਜੋੜਨ ਦਾ ਕੰਮ ਕਰ ਰਿਹਾ ਹੈ। ਇਸ ਤੋਂ ਪਹਿਲਾਂ ਮੁੱਖ ਮਹਿਮਾਨ ਨੇ ਸ਼ਾਨਦਾਰ ਸ਼ੋਭਾ ਯਾਤਰਾ ਵਿੱਚ ਵੀ ਹਿੱਸਾ ਲਿਆ। ਲੋਕ ਨਿਰਮਾਣ ਵਿਭਾਗ ਦੇ ਵਿਸ਼ਰਾਮ ਗ੃ਹਿ ਤੋਂ ਭਲੇਤ ਮਹੋਤਸਵ ਸਥਾਨ ਤੱਕ ਕੱਢੀ ਗਈ ਸ਼ੋਭਾ ਯਾਤਰਾ ਵਿੱਚ ਢੋਲ-ਨਗਾੜਿਆਂ, ਬੈਂਡ-ਬਾਜਿਆਂ ਅਤੇ ਰਵਾਇਤੀ ਪਹਿਰਾਵਿਆਂ ਵਿੱਚ ਸਜੇ ਸੱਭਿਆਚਾਰਕ ਦਲਾਂ ਨੇ ਪੂਰੇ ਮਾਹੌਲ ਨੂੰ ਮੇਲੇ ਵਾਲਾ ਰੰਗ ਦੇ ਦਿੱਤਾ।

## 'ਸਿਆਂ' ਫੈਸ਼ਨ ਸ਼ੋਅ ਬਣਿਆ ਖਿੱਚ ਦਾ ਕੇਂਦਰ

*ਮਹੋਤਸਵ* ਦੌਰਾਨ ਉਨਾ ਦੇ ਨੌਜਵਾਨ ਉਦਯੋਜਪਤੀ ਅੰਕੁਸ਼ ਬੜਜਾਤਾ ਦੇ ਪਰਿਵਾਰ ਦੁਆਰਾ 'ਸਿਆਂ' ਦੇ ਸਹਿਯੋਗ ਨਾਲ ਕਰਵਾਇਆ ਗਿਆ ਫੈਸ਼ਨ ਸ਼ੋਅ ਦਰਸ਼ਕਾਂ ਲਈ ਪਿਆਰ ਆਕਰਸ਼ਣ ਦਾ ਕੇਂਦਰ ਰਿਹਾ। ਭਾਗ ਲੈਣ ਵਾਲਿਆਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਅਤੇ ਆਕਰਸ਼ਕ ਪਰਿਧਾਵਿਆਂ ਨੂੰ ਦਰਸ਼ਕਾਂ ਨੇ ਖੂਬ ਸਰਾਹਿਆ।

## ਗੁਲਾਬ ਸਿੱਧੂ ਅਤੇ ਕੁਲਦੀਪ ਸ਼ਰਮਾ ਨੇ ਬੰਨ੍ਹਿਆ ਸਮਾਂ

ਸੱਭਿਆਚਾਰਕ ਸੰਧਿਆ ਵਿੱਚ ਪ੍ਰਸਿੱਧ ਪੰਜਾਬੀ ਗਾਇਕ ਗੁਲਾਬ ਸਿੱਧੂ ਅਤੇ "ਨਾਟੀ ਕਿੰਗ" ਵਜੋਂ ਮਸ਼ਹੂਰ ਹਿਮਾਚਲੀ ਗਾਇਕ " "ਕੁਲਦੀਪ ਸ਼ਰਮਾ" " ਨੇ ਆਪਣੀਆਂ ਦਮਦਾਰ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਦੋਵੇਂ ਕਲਾਕਾਰਾਂ ਦੇ ਗੀਤਾਂ 'ਤੇ ਦੇਰ ਰਾਤ ਤੱਕ ਦਰਸ਼ਕ ਝੂਮਦੇ ਰਹੇ ਅਤੇ ਪੂਰਾ ਮਹੋਤਸਵ ਸਥਾਨ ਤਾਲੀਆਂ ਦੀ ਗੂੰਜ ਨਾਲ ਗੈਰਮਘਦੀ ਬਣਿਆ ਰਿਹਾ।

# ਗ੍ਰਾਮ ਪੰਚਾਇਤ ਦੁਲੈਹੜ ਵਿੱਚ ਨਵ-ਚੁਣੇ ਪੰਚਾਇਤ ਅਹੁਦੇਦਾਰਾਂ ਨੇ ਚੁੱਕੀ ਸਹੁੰ

ਪੈਗ਼ਾਮ-ਏ-ਜਗਤ/ਹਰੋਲੀ/ਊਨਾ
27 ਜੂਨ (ਰਾਜਵੀਰ ਚੋਪੜਾ)

ਗ੍ਰਾਮ ਪੰਚਾਇਤ ਦੁਲੈਹੜ ਵਿੱਚ ਸ਼ੁੱਕਰਵਾਰ ਨੂੰ ਪੰਚਾਇਤ ਦਫ਼ਤਰ ਵਿਖੇ ਨਵ-ਚੁਣੇ ਪੰਚਾਇਤ ਅਹੁਦੇਦਾਰਾਂ ਦਾ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਗ੍ਰਾਮ ਪੰਚਾਇਤ ਦੇ ਨਵ-ਚੁਣੇ ਪ੍ਰਧਾਨ ਮੰਨੂ ਨੇ ਕੀਤੀ। ਇਸ ਮੌਕੇ

- ਪੌਦਾਰੋਪਣ ਕਰਕੇ ਦਿੱਤਾ ਵਾਤਾਵਰਨ ਸੰਭਾਲ ਦਾ ਸੰਦੇਸ਼

ਉਨ੍ਹਾਂ ਨੇ ਪੰਚਾਇਤ ਦੇ ਨਵ-ਚੁਣੇ ਅਹੁਦੇਦਾਰਾਂ ਅਤੇ ਵਾਰਡ ਮੈਂਬਰਾਂ ਨੂੰ ਅਹੁਦੇ ਅਤੇ ਗੋਪਨੀਯਤਾ ਦੀ ਸਹੁੰ ਚੁਕਾਈ।

ਸਹੁੰ ਚੁੱਕ ਸਮਾਗਮ ਦੌਰਾਨ ਸਾਰੇ ਜਨ ਪ੍ਰਤੀਨਿਧੀਆਂ ਨੇ ਭਾਰਤ ਦੇ ਸੰਵਿਧਾਨ ਪ੍ਰਤੀ ਸੱਚੀ ਸਰਧਾ ਅਤੇ ਨਿਸ਼ਠਾ ਰੱਖਣ, ਆਪਣੇ ਫ਼ਰਜ਼ ਇਮਾਨਦਾਰੀ, ਨਿਰਪੱਖਤਾ ਅਤੇ ਪੂਰੀ ਲਗਨ ਨਾਲ ਨਿਭਾਉਣ ਅਤੇ ਬਿਨਾਂ ਕਿਸੇ ਡਰ, ਪੰਖਪਾਤ

ਜਾਂ ਦੁਸ਼ਮਣੀ ਦੇ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਹਰ ਨਾਗਰਿਕ ਨਾਲ ਇਨਸਾਫ਼ ਕਰਨ ਦਾ ਸੰਕਲਪ ਲਿਆ। ਸਹੁੰ ਚੁੱਕ ਸਮਾਗਮ ਤੋਂ ਬਾਅਦ ਨਵ-ਚੁਣੇ ਪ੍ਰਧਾਨ ਮੰਨੂ ਨੇ ਪੰਚਾਇਤ ਮੈਂਬਰਾਂ ਨਾਲ ਮਿਲ ਕੇ ਪੰਚਾਇਤ ਪੰਗਣ ਵਿੱਚ ਪੌਦਾਰੋਪਣ ਕੀਤਾ ਅਤੇ ਵਾਤਾਵਰਨ ਦੀ ਸੰਭਾਲ ਦਾ ਸੰਦੇਸ਼ ਦਿੱਤਾ। ਉਨ੍ਹਾਂ ਲੋਕਾਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਨਵ-ਚੁਣੇ ਉਪ ਪ੍ਰਧਾਨ ਮਹਿੰਦਰ ਸਿੰਘ, ਵਾਰਡ ਮੈਂਬਰ ਕਿਰਨ ਬਾਲਾ, ਖਜ਼ਾਨ ਸਿੰਘ, ਸੁਮਨ ਦੇਵੀ, ਜੋਤੀ ਰਾਣੀ, ਮੁਹੰਮਦ ਗਫ਼ੀ, ਰੀਖਿਆ ਦੇਵੀ ਅਤੇ ਵੀਨਾ ਦੇਵੀ ਹਾਜ਼ਰ ਸਨ। ਸਮਾਗਮ ਵਿੱਚ ਪੰਚਾਇਤ ਸਕੱਤਰ ਚਰਨਜੀਤ ਸਿੰਘ ਸਮੇਤ ਹੋਰ ਪਤਵੰਤੇ ਵਿਅਕਤੀ ਵੀ ਮੌਜੂਦ ਰਹੇ। ਸਮਾਗਮ ਦਾ ਸਮਾਪਨ ਪੰਚਾਇਤ ਦੇ ਸਰਬਪੱਖੀ ਵਿਕਾਸ, ਸਫ਼ਾਈ, ਵਾਤਾਵਰਨ ਸੰਭਾਲ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦੇਣ ਦੇ ਸੰਕਲਪ ਨਾਲ ਕੀਤਾ ਗਿਆ।

# ਵਿਧਾਇਕ ਕੁਲਵੰਤ ਸਿੰਘ ਵੱਲੋਂ 48.50 ਲੱਖ ਰੁਪਏ ਦੀ ਲਾਗਤ ਨਾਲ ਸੁਹਾਣਾ ਕੈਨਾਲ ਵਾਟਰ ਰਾਈਜ਼ਿੰਗ ਮੇਨ ਪ੍ਰੋਜੈਕਟ ਦਾ ਕੰਮ ਸ਼ੁਰੂ

ਸਾਹਿਬਜ਼ਾਦਾ ਅਜੀਤ ਸਿੰਘ ਨਗਰ,
27 ਜੂਨ (ਪੈਗ਼ਾਮ-ਏ-ਜਗਤ)

ਵਿਧਾਇਕ ਕੁਲਵੰਤ ਸਿੰਘ ਵੱਲੋਂ ਸੁਹਾਣਾ ਪਿੰਡ ਦੀ ਵੱਧ ਰਹੀ ਆਬਾਦੀ ਅਤੇ ਪੀਣ ਵਾਲੇ ਪਾਣੀ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਰਾਹੀਂ 48.50 ਲੱਖ ਰੁਪਏ ਦੀ ਲਾਗਤ

- ਕੰਮ ਮੁਕੰਮਲ ਹੋਣ ਤੇ ਸੁਹਾਣਾ ਨੂੰ ਰੋਜ਼ਾਨਾ 13 ਲੱਖ ਲੀਟਰ ਵਾਧੂ ਨਹਿਰੀ ਪਾਣੀ ਮਿਲੇਗਾ, ਪਾਣੀ ਦੀ ਕਮੀ ਤੋਂ ਮਿਲੇਗੀ ਰਾਹਤ: ਕੁਲਵੰਤ ਸਿੰਘ

ਨਾਲ ਬਣਨ ਵਾਲੇ 'ਸੁਹਾਣਾ ਕੈਨਾਲ ਵਾਟਰ ਰਾਈਜ਼ਿੰਗ ਮੇਨ ਪ੍ਰੋਜੈਕਟ' ਦੇ ਕੰਮ ਦੀ ਅੱਜ ਸ਼ੁਰੂਆਤ ਕਰਵਾਈ ਗਈ।

ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਇਸ ਵੇਲੇ ਸੁਹਾਣਾ ਨੂੰ ਪੰਜ ਟਿਊਬਵੈੱਲਾਂ ਰਾਹੀਂ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ, ਜੋ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਲਈ ਨਾਕਾਫ਼ੀ ਸਾਬਤ ਹੋ ਰਹੀ ਹੈ। ਇਸ ਲਈ ਗਮਾਡਾ ਦੀ ਕੈਨਾਲ ਵਾਟਰ ਸਪਲਾਈ ਸਕੀਮ ਨਾਲ ਪਿੰਡ ਨੂੰ ਜੋੜਨ ਲਈ ਇਹ ਰਾਈਜ਼ਿੰਗ ਮੇਨ ਪ੍ਰੋਜੈਕਟ ਉਲੀਕਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰੋਜੈਕਟ ਮੁਕੰਮਲ ਹੋਣ

ਉਪਰੰਤ ਸੁਹਾਣਾ ਨੂੰ ਰੋਜ਼ਾਨਾ ਕਰੀਬ 13 ਲੱਖ ਲੀਟਰ ਵਾਧੂ ਪਾਣੀ ਉਪਲਬਧ ਹੋਵੇਗਾ, ਜਿਸ ਨਾਲ ਪਿੰਡ ਵਾਸੀਆਂ ਨੂੰ ਨਿਯਮਤ ਅਤੇ ਸਾਫ਼ ਪੀਣ ਯੋਗ ਪਾਣੀ ਦੀ ਸਪਲਾਈ ਯਕੀਨੀ ਬਣੇਗੀ। ਇਸ ਨਾਲ ਪਾਣੀ ਦੇ ਘੱਟ ਪ੍ਰੈਸ਼ਰ ਅਤੇ ਘੱਟ ਮਾਤਰਾ ਦੀ ਸਮੱਸਿਆ ਦਾ ਵੀ ਸਥਾਈ ਹੱਲ ਹੋਵੇਗਾ ਅਤੇ ਟਿਊਬਵੈੱਲਾਂ 'ਤੇ ਨਿਰਭਰਤਾ ਘਟੇਗੀ। ਵਿਧਾਇਕ ਨੇ ਕਿਹਾ ਕਿ ਵਿਭਾਗ ਵੱਲੋਂ ਅਗਲੇ ਇੱਕ ਮਹੀਨੇ ਦੇ ਅੰਦਰ ਦੇ ਨਵੇਂ ਅੰਡਰਗਰਾਊਂਡ ਸਟੋਰੇਜ ਰਿਜ਼ਰਵਾਇਰ (ਯੂ.ਜੀ.ਐਸ.ਆਰ.) ਦੇ ਨਿਰਮਾਣ ਦਾ ਕੰਮ ਵੀ ਸ਼ੁਰੂ ਕੀਤਾ ਜਾਵੇਗਾ।

ਰਾਈਜ਼ਿੰਗ ਮੇਨ ਅਤੇ ਦੋਵੇਂ ਯੂ.ਜੀ.ਐਸ.ਆਰ. ਪ੍ਰੋਜੈਕਟਾਂ ਦੀ ਕੁੱਲ ਲਾਗਤ ਲਗਭਗ 98 ਲੱਖ ਰੁਪਏ ਹੈ। ਉਨ੍ਹਾਂ ਕਿਹਾ ਕਿ ਨਵੀਂ ਪਾਈਪਲਾਈਨ ਅਤੇ ਸਟੋਰੇਜ ਪ੍ਰਣਾਲੀ ਚਾਲੂ ਹੋਣ ਨਾਲ ਗਰਮੀਆਂ ਦੌਰਾਨ ਪਾਣੀ ਦੀ ਕਮੀ ਦੀ ਸਮੱਸਿਆ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ ਜਾ ਸਕੇਗਾ ਅਤੇ ਪਾਣੀ ਦੀ ਵੰਡ ਪ੍ਰਣਾਲੀ ਹੋਰ ਸੁਚਾਰੂ, ਭਰੋਸੇਯੋਗ ਅਤੇ ਟਿਕਾਊ ਬਣੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸੁਹਾਣਾ ਦੇ ਨਿਵਾਸੀਆਂ ਨੂੰ ਬਿਹਤਰ ਸੁਨਿਆਈ ਸਹੂਲਤਾਂ ਪ੍ਰਦਾਨ ਕਰਨ ਅਤੇ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਣੀ ਸਪਲਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਮੌਕੇ ਮੋਹਾਲੀ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਆਰ.ਪੀ. ਸ਼ਰਮਾ, ਕੌਂਸਲਰ ਕਮਲਜੀਤ ਕੌਰ, ਕੌਂਸਲਰ ਸ਼ਰਨਜੀਤ ਕੌਰ, ਕੁਲਦੀਪ ਸਿੰਘ ਸਮਾਣਾ, ਸੁਰਿੰਦਰ ਸਿੰਘ ਰੋਡਾ, ਕੌਂਸਲਰ ਗੁਰਮੀਤ ਸਿੰਘ ਮਟੌਰ, ਕੌਂਸਲਰ ਹਰਪਾਲ ਸਿੰਘ ਬੜਾਤ, ਤੁਪਿਦਰ ਸਿੰਘ ਰੂਪਾ, ਨੰਬਰਦਾਰ ਹਰਸੰਗਤ ਸਿੰਘ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਅਤੇ ਜਗਤਾਰ ਸਿੰਘ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

# ਵੋਟਰ ਸੂਚੀ ਦੀ ਸਪੈਸ਼ਲ ਇੰਨਟੈਸਿਵ ਰਵੀਜ਼ਨ-2026-ਲਈ ਸਥਾਪਿਤ ਸ਼ਿਕਾਇਤ ਸੈੱਲ/ਵੋਟਰ ਹੈਲਪ ਡੈਸਕ ਅਤੇ ਵੋਟਰ ਹੈਲਪ ਲਾਈਨ 1950 ਜਾਰੀ

ਪੈਗ਼ਾਮ-ਏ-ਜਗਤ
ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ)

ਸਪੇਸ਼ਲ ਇੰਨਟੈਸਿਵ ਰਵੀਜ਼ਨ—2026 ਲਈ ਜ਼ਿਲ੍ਹਾ ਪੱਧਰ ਤੇ ਸਥਾਪਿਤ ਕੀਤੇ ਗਏ ਸ਼ਿਕਾਇਤ ਸੈੱਲ/ ਵੋਟਰ ਹੈਲਪ ਡੈਸਟ ਅਤੇ ਵੋਟਰ ਹੈਲਪ ਲਾਈਨ 1950 ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਜਿਲ੍ਹਾ ਚੋਣ ਅਫ਼ਸਰ—ਕਮ—ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਪੇਸ਼ਲ ਇੰਨਟੈਸਿਵ ਰਵੀਜ਼ਨ—2026 ਦੀ ਕੰਮ 25 ਜੂਨ, 2026 ਤੋਂ ਸ਼ੁਰੂ ਹੋ ਚੁੱਕਾ ਹੈ, ਜਿਸ ਅਧੀਨ ਚੋਣ ਹਲਕਾ ਪੱਧਰ ਤੇ ਨਿਯੁਕਤ ਬੀ.ਐਲ.ਓਜ਼ ਆਪਣੇ ਪੋਲਿੰਗ ਏਰੀਏ ਅਧੀਨ ਸਾਰੇ ਵੋਟਰਾਂ ਨੂੰ ਘਰ—ਘਰ ਜਾਂ ਕੇ Enumeration Form ਦੀ ਇੱਕ—ਇੱਕ ਕਾਪੀ ਦੇਣਗੇ ਅਤੇ ਵੋਟਰ ਦੇ ਵੇਰਵੇ ਭਰਵਾਕੇ ਵਾਪਿਸ ਪ੍ਰਾਪਤ ਕਰਨਗੇ। ਜਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਆਮ ਜਨਤਾ /ਵੋਟਰਾਂ ਦੀ ਸਹੂਲਤ ਲਈ ਸਪੇਸ਼ਲ ਇੰਨਟੈਸਿਵ ਰਵੀਜ਼ਨ ਦੇ ਸਬੰਧ ਵਿੱਚ ਜਿਲ੍ਹਾ ਪੱਧਰ ਤੇ ਸ਼ਿਕਾਇਤ ਸੈੱਲ ਵੋਟਰ ਹੈਲਪ ਡੈਸਕ ਅਤੇ ਵੋਟਰ ਹੈਲਪ ਲਾਈਨ 1950 ਸਥਾਪਿਤ ਕੀਤੇ ਗਏ ਹਨ। ਜੋ ਕਿ ਹਫਤੇ ਦੇ ਸੱਤੇ ਦਿਨ ਆਮ ਦਿਨਾ ਵਾਗ ਖੁਲ੍ਹਾ ਰਹੇਗਾ। ਉਨ੍ਹਾਂ ਆਮ ਜਨਤਾ/ਵੋਟਰਾਂ ਨੂੰ ਅਪੀਲ ਹੈ, ਕਿ ਸਪੇਸ਼ਲ ਇੰਨਟੈਸਿਵ ਰਵੀਜ਼ਨ—2026 ਸਬੰਧੀ ਕੋਈ ਵੀ ਜਾਣਕਾਰੀ/ਸੁਝਾਵ/ਸ਼ਿਕਾਇਤ ਹੋਵੇ ਜਾਂ ਹੋਰ ਚੋਣਾਂ ਸਬੰਧੀ ਲੋੜੀਂਦੀ ਜਾਣਕਾਰੀ ਲਈ ਵੋਟਰ ਹੈਲਪ ਲਾਈਨ ਨੰਬਰ 1950 ਅਤੇ ਈਮੇਲ ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਜਿਲ੍ਹਾ ਪੱਧਰ ਤੇ ਸਪੇਸ਼ਲ ਇੰਨਟੈਸਿਵ ਰਵੀਜ਼ਨ—2026 ਸਬੰਧੀ ਸ਼ਿਕਾਇਤਾਂ ਲਈ ਸਹਾਇਕ ਕਮਿਸ਼ਨਰ (ਜਨਰਲ) ਰਮਨਜੀਤ ਨੂੰ ਬਤੌਰ ਨੋਡਲ ਅਫ਼ਸਰ District Grievance Redresal Officer ਲਗਾਇਆ ਗਿਆ ਹ

# ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰ ਦੇਸ਼ ਭਗਤ ਯਾਦਗਾਰ ਹਾਲ ਮੀਟਿੰਗ 'ਚ ਪਹੁੰਚੇ

ਪੈਗ਼ਾਮ-ਏ-ਜਗਤ/ਹੁਸ਼ਿਆਰਪੁਰ
(ਦਲਜੀਤ ਅਜਨੋਹਾ)

ਦੇਸ਼ ਭਗਤ ਕਮੇਟੀ ਵਲੋਂ 27 ਫਰਵਰੀ 1926 ਨੂੰ ਫਾਂਸੀ ਤੇ ਚੜ੍ਹੇ 6 ਸੂਰਮੇ ਬੱਬਰ ਅਕਾਲੀਆਂ ਦੇ ਸ਼ਤਾਬਦੀ ਸਮਾਰੋਹ ਦੇ ਵਰ੍ਹੇ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਯੋਜਨਾਬੰਦੀ ਸਬੰਧੀ ਇੱਕ ਮੀਟਿੰਗ 'ਚ ਅੱਜ ਇਤਿਹਾਸਕ ਪਿੰਡ ਬਾਹੋਵਾਲ ਤੋਂ ਸ਼ਹੀਦ ਭਾਈ ਬੀਰ ਸਿੰਘ ਦੇ ਪੋਤਰੇ ਸੁਖਵਿੰਦਰ ਸਿੰਘ ਬਿੱਲਾ ਤੇ ਸੁਰਜੀਤ ਸਿੰਘ ਅਤੇ ਪਿੰਡ ਫਤਹਿਪੁਰ ਕੋਠੋ ਦੇ ਬੱਬਰ ਜਵਾਲਾ ਸਿੰਘ ਦੇ ਪਰਿਵਾਰ ਚੋਂ ਹਰਵੀਰ ਸਿੰਘ, ਬੱਬਰ ਭਗਵਾਨ ਸਿੰਘ ਜੀ ਦੇ ਪਰਿਵਾਰ ਚੋਂ ਕੁਲਵਿੰਦਰ ਸਿੰਘ, ਬੱਬਰ ਪਰਸ਼ੋਤਮ ਸਿੰਘ ਜੀ ਦੇ ਪਰਿਵਾਰਕ ਮੈਂਬਰ ਸੁਖਜੀਤ ਸਿੰਘ,ਭਾਈ ਕਰਮ ਸਿੰਘ ਮਾਣਕੋ ਦੇ ਪਰਿਵਾਰ ਚੋਂ ਤੇਗਵੀਰ

ਸਿੰਘ ਆਪਣੀਆਂ ਬੇਟੀਆਂ ਸਮੇਤ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਤੇ ਮੁਲਾਜ਼ਮ ਆਗੂ ਮਲਕੀਤ ਸਿੰਘ ਬਾਹੋਵਾਲ ਜੀ ਸਮੇਤ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਪਹੁੰਚੇ। ਜਿੱਥੇ ਦੇਸ਼ ਭਗਤ ਕਮੇਟੀ ਦੇ ਅਹੁਦੇਦਾਰਾਂ ਸਮੇਤ ਪੂਰੇ ਪੰਜਾਬ ਚੋਂ ਸ਼ਹੀਦ ਬੱਬਰ ਅਕਾਲੀਆਂ ਦੇ ਪਰਿਵਾਰਕ ਮੈਂਬਰ ਤੇ ਲੋਕ ਪੱਖੀ ਆਗੂ ਆਪਣੇ ਮਹਾਨ ਪੁਰਖਿਆਂ ਨੂੰ ਸਿਜਦਾ ਕਰਨ ਲਈ ਪਹੁੰਚੇ ਹੋਏ ਸਨ।ਛੇਵ ਘੰਟਾ ਸਮਾਂ ਤੋਂ ਵੱਧ ਸਮਾਂ ਚੱਲੀ ਮੀਟਿੰਗ ਵਿੱਚ ਲੱਗਭੱਗ ਸੌ ਦੇ ਕਰੀਬ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ ਤੇ ਬੱਬਰ ਅਕਾਲੀਆਂ ਦੇ ਸ਼ਤਾਬਦੀ ਸਮਾਰੋਹਾਂ ਨੂੰ ਪੂਰਾ ਸਾਲ ਮਨਾਉਣ ਵਾਸਤੇ ਸਾਰਥਕ ਯੋਜਨਾਬੰਦੀ ਕੀਤੀ ਗਈ।ਦੇਸ਼ ਭਗਤਾਂ ਦੇ ਪਰਿਵਾਰਕ ਮੈਂਬਰਾਂ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਉਲੀਕੇ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਵਚਨਬੱਧਤਾ ਪ੍ਰਗਟਾਈ ਤੇ ਕਮੇਟੀ ਦੇ ਅਹੁਦੇਦਾਰਾਂ ਵਲੋਂ ਦੇਸ਼ ਭਗਤਾਂ ਸ਼ਹੀਦਾਂ ਦੇ ਵਾਰਿਸਾਂ ਦਾ ਨਿੱਘਾ ਸਵਾਗਤ ਤੇ ਸਨਮਾਨ ਕਰਦਿਆਂ, ਉਨ੍ਹਾਂ ਨੂੰ ਬੱਬਰ ਅਕਾਲੀ ਲਹਿਰ ਤੇ ਛਪੀ ਕਿਤਾਬ ਭੇਟ ਕੀਤੀ ਗਈ।ਬੱਬਰ ਕਰਮ ਸਿੰਘ ਦੋਲਤਪੁਰ ਦੇ ਪਿੰਡੋਂ ਪਹੁੰਚੇ ਉਥੋਂ ਦੀ ਕਮੇਟੀ ਦੇ ਅਹੁਦੇਦਾਰਾਂ ਨੇ 1 ਸਤੰਬਰ ਨੂੰ ਆਪਣੇ ਪਿੰਡ ਬੱਬਰਾਂ ਦੀ 'ਚ ਯਾਦ ਕਰਾਏ ਜਾਂਦੇ ਸਲਾਨਾ ਸ਼ਰਧਾਂਜਲੀ ਸਮਾਗਮ ਦਾ ਸਭ ਨੂੰ ਖੁੱਲਾ ਸੱਦਾ ਦਿੱਤਾ ਤੇ ਹਾਜ਼ਰੀ ਯਕੀਨਨ ਲਾਉਣ ਲਈ ਬੇਨਤੀ ਕੀਤੀ।ਬਾਖੀ ਦੇਸ਼ ਭਗਤਾਂ ਦੇ ਪਰਿਵਾਰਾਂ ਵਲੋਂ ਵੀ ਆਪੋ ਆਪਣੇ ਪਿੰਡਾਂ ਵਿੱਚ ਦੇਸ਼ ਭਗਤਾਂ ਦੀ ਯਾਦ ਨੂੰ ਸਮਰਪਤ ਮੀਟਿੰਗਾਂ ਕਰਨ ਤੇ ਪ੍ਰੋਗਰਾਮ ਆਯੋਜਿਤ ਕਰਵਾਉਣ ਦਾ ਭਰੋਸਾ ਦਿਵਾਇਆ ਗਿਆ।

# ਹੁਸ਼ਿਆਰਪੁਰ ਦੇ ਡਾ. ਨਰੇਸ਼ ਕੁਮਾਰ ਭੂੰਬਲਾ (ਕੰਬੋਜ) ਨੇ ਅੰਤਰਰਾਸ਼ਟਰੀ ਪੱਧਰ 'ਤੇ ਚਮਕਾਇਆ ਨਾਮ

## 'ਯੂਨਾਈਟਿਡ ਸਟੇਟਸ ਆਫ਼ ਅਮੈਰਿਕਾ ਬੁੱਕ ਆਫ਼ ਵਰਲਡ ਰਿਕਾਰਡਸ' ਵਿੱਚ ਨਾਮ ਦਰਜ਼

ਪੈਗ਼ਾਮ-ਏ-ਜਗਤ
ਹੁਸ਼ਿਆਰਪੁਰ/ਨਵੀਂ ਦਿੱਲੀ
(/ਦਲਜੀਤ ਅਜਨੋਹਾ)

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਡਾ. ਨਰੇਸ਼ ਕੁਮਾਰ ਭੂੰਬਲਾ ਨੇ ਸਮਾਜ ਸੇਵਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਖੇਤਰ ਵਿੱਚ ਇੱਕ ਵੱਡੀ ਪ੍ਰਾਪਤੀ ਹਾਸਲ ਕਰਕੇ ਪੂਰੇ ਸੂਬੇ ਅਤੇ ਦੇਸ਼ ਦਾ ਨਾਮ ਵਿਸ਼ਵ ਪੱਧਰ 'ਤੇ ਰੋਸ਼ਨ ਕੀਤਾ ਹੈ। ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਦੇ ਵੱਕਾਰੀ ਕੌਂਸਟੀਟਿਊਸ਼ਨ ਕਲੱਬ ਆਫ਼ ਇੰਡੀਆ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਡਾ. ਭੂੰਬਲਾ ਨੂੰ ਉਨ੍ਹਾਂ ਦੀਆਂ ਬੇਮਿਸਾਲ ਸੇਵਾਵਾਂ ਲਈ ਪ੍ਰਸਿੱਧ 'ਯੂਨਾਈਟਿਡ ਸਟੇਟਸ ਆਫ਼ ਅਮੈਰਿਕਾ' ਵਲੋਂ 'ਵਰਲਡ ਰਿਕਾਰਡ ਸਰਟੀਫਿਕੇਟ ਨਾਲ ਨਿਵਾਜਿਆ ਗਿਆ। ਇਹ ਸਨਮਾਨ ਉਨ੍ਹਾਂ ਨੂੰ 26 ਜੂਨ 2026 ਨੂੰ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਇਸ ਵਿਲੱਖਣ ਪ੍ਰਾਪਤੀ ਅਤੇ ਸਮਾਜਿਕ ਯੋਗਦਾਨ ਦੀ ਚਰਚਾ ਪ੍ਰਸਿੱਧ ਕੌਮਾਂਤਰੀ ਮੈਗਜ਼ੀਨ (ਯੂ.ਐੱਸ.ਏ. ਹੈਰਾਲਡ)** ਵਿੱਚ ਵੀ ਪ੍ਰਮੁੱਖਤਾ ਨਾਲ ਕੀਤੀ ਗਈ ਹੈ।

ਗੁੰਜਰ ਭਾਈਚਾਰੇ ਦੇ ਪਹਿਲੇ ਪੀਐੱਚ.ਡੀ. ਧਾਰਕ : ਡਾ. ਨਰੇਸ਼ ਕੁਮਾਰ ਭੂੰਬਲਾ ਦੇ ਨਾਮ ਇੱਕ ਹੋਰ ਇਤਿਹਾਸਕ ਪ੍ਰਾਪਤੀ ਦਰਜ ਹੈ; ਉਹ ਗੁੰਜਰ ਭਾਈਚਾਰੇ ਵਿੱਚੋਂ ਸਮਾਜਿਕ ਸੇਵਾਵਾਂ ਅਤੇ ਮਨੁੱਖੀ ਅਧਿਕਾਰਾਂ ਦੇ ਵਿਸ਼ੇ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਲ ਕਰਨ ਵਾਲੇ ਪਹਿਲੇ ਵਿਅਕਤੀ ਬਣੇ ਹਨ। ਇਸ ਦੇ ਨਾਲ ਹੀ ਉਹ 'ਵਰਲਡ ਹਿਊਮਨ ਰਾਈਟਸ ਪ੍ਰੋਟੈਕਸ਼ਨ ਕਮਿਸ਼ਨ' ਦੇ ਨੈਸ਼ਨਲ ਪ੍ਰੈਜ਼ੀਡੈਂਟ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ।

**ਸਮਾਰੋਹ ਵਿੱਚ ਪਹੁੰਚੀਆਂ ਪ੍ਰਮੁੱਖ ਰਾਸ਼ਟਰੀ ਸ਼ਖ਼ਸੀਅਤਾਂ**

ਕੌਂਸਟੀਟਿਊਸ਼ਨ ਕਲੱਬ ਆਫ਼ ਇੰਡੀਆ ਵਿਖੇ ਹੋਏ ਇਸ ਸ਼ਾਨਦਾਰ ਸਮਾਰੋਹ ਦੌਰਾਨ ਦੇਸ਼ ਦੀਆਂ ਕਈ ਉੱਘੀਆਂ ਰਾਸ਼ਟਰੀ ਸ਼ਖ਼ਸੀਅਤਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਡਾ. ਭੂੰਬਲਾ ਨੂੰ ਆਪਣੇ ਹੱਥੀਂ ਇਹ ਸਨਮਾਨ ਭੇਟ ਕਰਕੇ ਵਧਾਈ ਦਿੱਤੀ, ਜਿਨ੍ਹਾਂ ਵਿੱਚ ਸ਼ਾਮਲ ਸਨ:

**ਸ੍ਰੀ ਰਾਮਦਾਸ ਅਠਾਵਲੇ- ਕੇਂਦਰੀ ਸਮਾਜਿਕ ਨਿਆਂ ਰਾਜ ਮੰਤਰੀ, ਭਾਰਤ ਸਰਕਾਰ**

**ਸ੍ਰੀਮਤੀ ਵਿਜੇਆ ਰਾਹਤਕਰ-ਰਾਸ਼ਟਰੀ ਮਹਿਲਾ ਕਮਿਸ਼ਨ**

**ਸ੍ਰੀਮਤੀ ਕਿਰਨ ਮਹੋਲੇ-ਮੈਂਬਰ, ਰਾਸ਼ਟਰੀ ਪਿਛੜਾ ਵਰਗ ਕਮਿਸ਼ਨ, ਭਾਰਤ ਸਰਕਾਰ**

**ਡਾ. ਮਨੀਸ਼ ਗਵਈ-ਮੁੱਖ ਪ੍ਰਬੰਧਕ ਜੈਨੀਫੰਰ ਪਰੇਰਾ,**

**ਮਿਸਿਜ਼ ਏਸ਼ੀਆ ਯੂਨੀਵਰਸ 2026 ਏਸ਼ੀਆ ਲਈ ਗ੍ਰੈਂਡ ਅੰਬੇਸਡਰ/ਬ੍ਰਾਂਡ ਅੰਬੇਸਡਰ**

**15 ਸਾਲਾਂ ਦਾ ਅਣਥੱਕ ਸਮਾਜਿਕ ਸਫ਼ਰ**

ਪਿਛਲੇ 15 ਸਾਲਾਂ ਤੋਂ ਡਾ. ਭੂੰਬਲਾ ਲਗਾਤਾਰ ਸਮਾਜ ਸੇਵਾ, ਖੂਨਦਾਨ ਕੈਂਪਾਂ ਦੇ ਆਯੋਜਨ ਅਤੇ ਵਾਤਾਵਰਣ ਦੀ ਸੰਭਾਲ ਲਈ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਸਰਗਰਮ ਹਨ। ਉਹ ਨੌਜਵਾਨਾਂ ਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਰੁੱਖ ਲਗਾਉਣ ਅਤੇ ਮਨੁੱਖਤਾ ਦੀ ਭਲਾਈ ਲਈ ਖੂਨਦਾਨ ਕਰਨ ਲਈ ਲਗਾਤਾਰ ਪ੍ਰੇਰਿਤ ਕਰਦੇ ਆਏ ਹਨ।

**ਕੌਂਸਟੀਟਿਊਸ਼ਨਲ ਅਤੇ ਕੌਮਾਂਤਰੀ ਪੱਧਰ 'ਤੇ ਮਿਲੀ ਸ਼ਲਾਘਾ**

ਸੰਸਥਾ ਦੇ ਅੰਤਰਰਾਸ਼ਟਰੀ ਸਕੱਤਰ (ਯੂ.ਐੱਸ.ਏ.) ਮਿਸਟਰ ਟੌਮ ਵਾਸ਼ਿਗਟਨ ਅਤੇ ਅੰਤਰਰਾਸ਼ਟਰੀ ਚੇਅਰਮੇਨ (ਇੰਡੀਆ) ਡਾ. ਅਵਿਨਾਸ਼ ਡੀ. ਸਾਕੁੰਡੇ ਵੱਲੋਂ ਜਾਰੀ ਇਸ ਸਰਟੀਫਿਕੇਟ ਵਿੱਚ ਡਾ. ਭੂੰਬਲਾ ਦੀ ਦੂਰਅੰਦੇਸ਼ੀ ਲੀਡਰਸ਼ਿਪ, ਮਨੁੱਖੀ ਅਧਿਕਾਰਾਂ ਦੀ ਵਕਾਲਤ ਅਤੇ ਸਮਾਜਿਕ ਤਬਦੀਲੀ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਹੈ, ਜਿਸ ਦਾ ਵਿਸ਼ੇਸ਼ ਜ਼ਿਕਰ USA Herald ਮੈਗਜ਼ੀਨ ਦੀ ਰਿਪੋਰਟ ਵਿੱਚ ਵੀ ਹੋਇਆ ਹੈ।ਡਾ. ਨਰੇਸ਼ ਕੁਮਾਰ ਭੂੰਬਲਾ ਦੀ ਇਸ ਮਹਾਨ ਪ੍ਰਾਪਤੀ 'ਤੇ ਇਲਾਕਾ ਨਿਵਾਸੀਆਂ, ਵੱਖ-ਵੱਖ ਸਮਾਜਿਕ ਜਥੇਬੰਦੀਆਂ ਅਤੇ ਭਾਈਚਾਰੇ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦਾ ਇਹ ਸਫ਼ਰ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਵੱਡਾ ਪ੍ਰੇਰਨਾ ਸਰੋਤ ਬਣੇਗਾ।

# ਖੂਨਦਾਨ ਅਤੇ ਨੇਤਰਦਾਨ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਓ : ਦਵਿੰਦਰ ਸਿੰਘ ਬਾਜਵਾ ਡੀ.ਐਸ.ਪੀ.

ਪੈਗ਼ਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਜਿਉਂਦੇ ਜੀ ਖੂਨ ਦਾਨ ਮਰਨ ਤੋਂ ਉਪਰੰਤ ਅੱਖਾਂ ਦਾਨ ਕਰਨ ਦੇ ਸਬੰਧ ਦੇ ਵਿੱਚ ਇੱਕ ਜਾਗਰਿਤ ਲਹਿਰ ਨੂੰ ਅੱਗੇ ਵਧਾਉਂਦਿਆਂ ਹੋਇਆਂ ਬਾਣਾ ਟਾਂਡਾ ਦੇ ਡੀਐਸਪੀ ਸਰਦਾਰ ਦਵਿੰਦਰ ਸਿੰਘ ਬਾਜਵਾ ਜੀ ਤੇ ਭਾਈ ਬਰਿਦਰ ਸਿੰਘ ਮਸੀਤੀ ਜੀ ਲੋਕਾਂ ਨੂੰ ਅਪੀਲ ਕੀਤੀ ਕਿ ਜਿਉਂਦੇ ਜੀ ਸਾਨੂੰ ਵੱਧ ਤੋਂ ਵੱਧ ਖੂਨ ਦਾਨ ਕਰਨਾ ਚਾਹੀਦਾ ਹੈ ਅੱਗੇ ਡੀਐਸਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਜੀ 65 ਵਾਰ ਆਪਣਾ ਖੂਨ ਦਾਨ ਕਰ ਚੁੱਕੇ ਨੇ ਤੇ ਭਾਈ ਬਰਿਦਰ ਸਿੰਘ ਮਸੀਤੀ 65 ਸਾਲ ਦੀ ਉਮਰ ਤੱਕ ਹੁਣ ਤੱਕ 13 ਵਾਰ ਖੂਨ ਦਾਨ ਕਰ ਚੁੱਕੇ ਨੇ ਅੱਗੇ ਮਨੁੱਖਤਾ ਤੇ ਭਲਾਈ ਦੇ ਲਈ ਉਹਨਾਂ ਲੋੜਵੰਦ ਵਿਅਕਤੀਆਂ ਨੂੰ ਜਿਨਾਂ ਨੂੰ ਖੂਨ ਦੀ ਲੋੜ ਅੱਜ ਵੀ ਪੈ ਰਹੀ ਆ ਐਕਸੀਡੈਂਟ ਕੇਸਾਂ ਦੇ ਵਿੱਚ ਜਾਂ ਬੱਚੇ ਦੀ ਪੈਦਾਇਸ਼ ਹੋਣ ਤੇ ਜਾਂ ਕਿਸੇ ਵੀ ਬਿਮਾਰੀ ਕਾਰਨ ਖੂਨ ਘੱਟ ਗਿਆ ਹੋਵੇ ਉਨ੍ਹਾਂ ਪੂਰਾ ਕਰਨ ਦੇ ਲਈ ਖੂਨਦਾਨ ਕਰਨ ਦੀ ਲੋੜ ਹੈ ਕਿਸੇ ਵੀ ਮੁਲਕ ਤੋਂ ਖੂਨ ਨਹੀਂ ਬਣਾਇਆ ਗਿਆ ਨਾ ਹੀ ਕਿਸੇ ਮੁਲਕ ਤੋਂ ਅੱਜ ਤੱਕ ਕੋਈ ਅੱਖ ਜਾਂ ਅੱਗ ਬਣਾਏ ਗਏ ਨੇ ਪਰ ਅਸੀਂ ਮੌਤ ਤੋਂ ਬਾਅਦ ਵੀ ਅੱਗਾਂ ਨੂੰ ਸਾਂਭਿਆ ਬਹੁਤ ਹੈ ਜੇ ਕਿਤੇ ਉਹੀ ਅੱਗ ਅੱਜ ਦਾਨ ਦੇ ਵਿੱਚ ਹਨ ਮਿਲ ਜਾਂਦੇ ਤੇ ਉਹਨਾਂ ਨੇਤਰਹੀਣ ਵਿਅਕਤੀਆਂ ਨੂੰ ਰੌਸ਼ਨੀ ਮਿਲਦੀ

ਰਹਿਣੀ ਸੀ ਡੀਐਸਪੀ ਟਾਂਡਾ ਜੀ ਨੇ ਕਿਹਾ ਸਾਡਾ ਮਰਨਾ ਸੱਚ ਹੈ ਜਿਉਣਾ ਝੂਠ ਹੈ ਇਥੇ ਸੰਸਾਰ ਤੇ ਹਰ ਇਨਸਾਨ ਦਾ ਪਰ ਉਹਨਾਂ ਨੇ ਕਿਹਾ ਕਿ ਸਾਨੂੰ ਮਰਨ ਤੋਂ ਉਪਰੰਤ ਆਪਣੀਆਂ ਅੱਖਾਂ ਅੱਗ ਸਰੀਰ ਵੀ ਦਾਨ ਕਰਨਾ ਚਾਹੀਦਾ ਹੈ ਜੋ ਲੋੜਵੰਦ ਵਿਅਕਤੀਆਂ ਦੇ ਕੰਮ ਆ ਸਕੇ ਇਸ ਮੌਕੇ ਤੇ ਸਟੇਟ ਅਵਾਰਡ ਪ੍ਰਾਪਤ ਕਰਨ ਵਾਲੇ ਪੰਜਾਬ ਦੇ ਜਿਲਾ ਹੁਸ਼ਿਆਰਪੁਰ ਨੇਤਰਦਾਨ ਸੰਸਥਾ ਦੇ ਮੈਂਬਰ ਅੱਗ ਟਾਂਡਾ ਤੋਂ ਆਈ ਡੋਨਰ ਇੰਚਾਰਜ ਭਾਈ ਬਰਿਦਰ ਸਿੰਘ ਮਸੀਤੀ ਜੀ ਨੇ ਉਹਨਾਂ ਲੋਕਾਂ ਦਾ ਧੰਨਵਾਦ ਕੀਤਾ ਜੋ ਲੋੜਵੰਦ ਇਨਸਾਨਾਂ ਨੂੰ ਆਪਣੀਆਂ ਅੱਖਾਂ ਮਰਨ ਤੋਂ ਉਪਰੰਤ ਦਾਨ ਕਰਵਾ ਰਹੇ ਨੇ ਅੱਗ ਜਿਉਂਦੇ ਜੀ ਖੂਨ ਵੀ ਦਾਨ ਕਰਵਾ ਰਹੇ ਨੇ ਡੀਐਸਪੀ ਟਾਂਡਾ ਨੇ ਆਪਣੇ ਕਰਮਚਾਰੀਆਂ ਨੂੰ ਵੀ ਬੇਨਤੀ ਕੀਤੀ ਉਹ ਵੀ ਵੱਧ ਤੋਂ ਵੱਧ ਖੂਨ ਦਾਨ ਕਰਨ ਡੀਐਸਪੀ ਟਾਂਡਾ ਦੇ ਦਫਤਰ ਵਿੱਚ ਵੀ ਕੁਝ ਐਸੇ ਵਿਅਕਤੀ ਮਿਲੇ ਜਿਨਾਂ ਨੇ 50 ਤੋਂ ਬਾਰੀ ਤੋਂ ਬਾਅਦ ਵੀ ਖੂਨ ਦਾਨ ਕੀਤਾ ਅੱਗ ਇਕ ਇਹ ਸ਼ਲਾਘਾਯੋਗ ਟਾਂਡਾ ਪੁਲਿਸ ਵੱਲੋਂ ਇਹ ਕੀਤਾ ਜਾ ਰਿਹਾ ਹੈ ਜਿੱਥੇ ਅੱਜ ਪੰਜਾਬ ਪੁਲਿਸ ਲੋਕਾਂ ਦੇ ਕੰਮਾਂ ਦੇ ਵਿੱਚ ਸੇਵਾ ਤੋਰ ਤੇ ਕੰਮ ਕਰਦੀ ਆ ਰਹੀ ਹੈ ਉਥੇ ਅੱਜ ਡੀਐਸ ਪੀ ਟਾਂਡਾ ਵਲੋਂ ਵੀ ਇਹ ਜੋ ਆਪਣਾ ਖੂਨ ਦਾਨ ਕਰਵਾ ਰਹੇ ਨੇ ਅੱਗ ਉਹਨਾਂ ਨੇ ਕਿਹਾ ਕਿ ਜਿੰਨਾ ਚਿਰ ਡਾਕਟਰ ਮੈਨੂੰ ਮੇਰੇ ਖੂਨ ਲੈਣ ਤੋਂ ਨਾਹ ਨਹੀਂ ਹ ਕਰਨਗੇ ਉਨਾ ਚਿਰ ਮੈਂ ਖੂਨ ਜਰੂਰ ਦਾਨ ਕਰਦਾ ਰਹਾਂਗਾ ਅੱਗ ਇੱਕ ਪੁਲਿਸ ਅਫਸਰ ਦੇ ਲਈ ਇੱਕ ਸ਼ਲਾਘਾਯੋ ਯੋਗ ਕਰਮ ਜੋ ਆਪਣੀ ਡਿਊਟੀ ਦੇ ਦੌਰਾਨ ਕਰ ਰਹੇ ਨੇ ਅੱਗ ਸਮਾਜ ਸੇਵੀਆਂ ਵੱਲੋਂ ਅੱਗ ਨੇਤਰਦਾਨ ਸੰਸਥਾ ਵੱਲੋਂ ਉਹਨਾਂ ਦੇ ਨੇਕ ਕੰਮ ਦੇ ਲਈ ਉਹਨਾਂ ਦਾ ਧੰਨਵਾਦ ਕੀਤਾ ਡੀਐਸਪੀ ਟਾਂਡਾ ਦਾ ਅੱਗ ਸਮੂਹ ਸਟਾਫ ਕਰਮਚਾਰੀਆਂ ਦਾ ਅੱਗ ਸਮਾਜ ਸੇਵੀ ਭਾਈ ਬਰਿਦਰ ਸਿੰਘ ਮਸੀਤੀ ਜੀ ਦਾ ਵੀ ਜੋ ਸਾਈਕਲ ਤੇ 30 ਕਿਲੋਮੀਟਰ ਦਾ ਹਰ ਰੋਜ਼ ਸਫਰ ਕਰਕੇ ਲੋਕਾਂ ਨੂੰ ਜਾਗਰਿਤ ਕਰਦੇ ਆ ਰਹੇ ਹਨ।

# ਬੱਬਰ ਅਕਾਲੀ ਲਹਿਰ ਸ਼ਹਾਦਤ ਸ਼ਤਾਬਦੀ ਸਬੰਧੀ ਵਿਸ਼ੇਸ਼ ਮਿਲਣੀ ਨੇ ਕੀਤੀ ਵਿਚਾਰ-ਚਰਚਾ

ਪੈਗ਼ਾਮ-ਏ-ਜਗਤ
ਜਲੰਧਰ (ਸਤਨਾਮ ਸਿੰਘ ਸਰੂੰਗੜਾ)

ਆਜ਼ਾਦੀ ਸੰਗਰਾਮ ਵਿੱਚ ਵਿਲੱਖਣ ਪੋਜ਼ਾਂ ਪਾਉਣ ਵਾਲੀ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ (1926-2026) ਮਨਾਉਣ ਲਈ ਪ੍ਰਭਾਵਸ਼ਾਲੀ ਜਨਤਕ ਲਾਮਬੇਂਦੀ ਕਰਨ, ਧਰਤੀ ਨਾਲ ਜੁੜੀ ਮੁਹਿਮ ਚਲਾਉਣ ਅਤੇ ਇਸ ਮੁਹਿਮ ਦੇ ਸਿਖਰ 'ਤੇ ਪਹਿਲੀ ਨਵੇਂਬਰ ਨੂੰ ਮੇਲਾ ਗ਼ਦਰੀ ਬਾਬਿਆਂ ਦਾ ਯਾਦਗਾਰੀ ਅੰਦਾਜ਼ ਵਿਚ ਮਨਾਉਣ ਲਈ ਵਿਚਾਰਾਂ ਸਾਂਝੀਆਂ ਕਰਨ ਵਾਸਤੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਪਰਿਵਾਰਾਂ, ਸੰਸਥਾਵਾਂ ਅਤੇ ਬੱਬਰਾਂ ਦੇ ਨਗਰਾਂ ਦੇ ਪ੍ਰਤੀਨਿਧਾਂ ਦੀ ਵਿਸ਼ੇਸ਼ ਮਿਲਣੀ ਕੀਤੀ ਗਈ।

ਇਸ ਸਬੰਧੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਬੱਬਰ ਲਹਿਰ ਦੇ ਸੂਰਮੇ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਸ਼ਬਦ ਕਹੇ ਅਤੇ ਸਭਨਾਂ ਨੇ ਖੜ੍ਹੇ ਹੋ ਕੇ ਬੱਬਰ ਸ਼ਹੀਦਾਂ ਨੂੰ ਸਿਜਦਾ ਕੀਤਾ। ਜਨਰਲ ਸਕੱਤਰ ਨੇ ਅਪੀਲ ਕੀਤੀ ਕਿ ਤੁਹਾਡੇ ਸਹਿਯੋਗ ਨਾਲ ਹੀ ਸ਼ਤਾਬਦੀ ਸਫ਼ਲਤਾ ਪੂਰਵਕ ਨੇਪਰੇ ਚਾੜ੍ਹੀ ਜਾ ਸਕਦੀ ਹੈ। ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੀਟਿੰਗ ਦਾ ਮੰਤਵ, ਕਾਰਜ਼ ਅਤੇ ਇਸ ਮੁਹਿੰਮ ਵਿੱਚ ਕਮੇਟੀ, ਬੱਬਰਾਂ ਦੇ ਪਿਡਾਂ, ਪਰਿਵਾਰਾਂ ਦੀ ਜੋਟੀ ਸਦਕਾ ਸਾਹਮਣੇ ਆਉਣ ਵਾਲੀ ਇਤਿਹਾਸਕ ਭੂਮਿਕਾ ਬਾਰੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਲੋਕਾਂ ਦੀ ਭਰਵੀਂ ਸ਼ਮੂਲੀਅਤ ਨਾਲ ਹੀ ਹੋਰੇਗੀ ਮੇਲੇ ਦੀ ਰਸਿਸਟਰਡ ਵੋਟਰ ਨੇ ਪੰਜਾਬ ਵਿਚ ਵੋਟ ਬਣਾਉਣ ਤੋਂ ਪਹਿਲਾਂ ਪਿਛਲੇ ਪੰਜ ਸਾਲਾਂ ਵਿਚ ਕਿਸੇ ਹੋਰ ਸੂਬੇ ਦੀ ਅਸੈਂਬਲੀ ਚੋਣ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਨਾ ਕੀਤੀ ਹੋਵੇ। ਜੋ ਕਰ ਪੰਜਾਬ ਤੋਂ ਬਾਹਰਲੇ ਸੂਬੇ ਦਾ ਵਿਅਕਤੀ ਬਤੌਰ ਵੋਟਰ ਰਜਿਸਟਰ ਕਰਨ ਲਈ ਹੁਣ ਅਰਜੀ ਦਿ

# ਗੁਰਪਲਾਹ ਸਾਹਿਬ ਮਾਰਗ 'ਤੇ ਨਾਲੀਆਂ ਦਾ ਗੰਦਾ ਪਾਣੀ ਬਣਿਆ ਮੁਸੀਬਤ, ਰਾਹਗੀਰਾਂ ਤੇ ਸ਼ਰਧਾਲੂਆਂ ਨੂੰ ਹੋ ਰਹੀ ਪਰੇਸ਼ਾਨੀ

ਪੈਗ਼ਾਮ-ਏ-ਜਗਤ/ਹਰੋਲੀ/ਊਨਾ
27 ਜੂਨ (ਰਾਜਵੀਰ ਚੋਪੜਾ)

ਹਰੋਲੀ ਵਿਧਾਨ ਸਭਾ ਹਲਕੇ ਦੀ ਗ੍ਰਾਮ ਪੰਚਾਇਤ ਬਾਥੂ ਵਿੱਚ ਗੁਰਪਲਾਹ ਸਾਹਿਬ ਨੂੰ ਜਾਂਦੇ ਮੁੱਖ ਮਾਰਗ 'ਤੇ ਨਾਲੀਆਂ ਦਾ ਗੰਦਾ ਪਾਣੀ ਸੜਕ 'ਤੇ ਵਗਣ ਕਾਰਨ ਸਥਾਨਕ ਲੋਕਾਂ ਅਤੇ ਸ਼ਰਧਾਲੂਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡ ਵਾਸੀਆਂ ਦੇ ਅਨੁਸਾਰ ਇਹ ਸਮੱਸਿਆ ਕਾਫ਼ੀ ਸਮੇਂ ਤੋਂ ਬਣੀ ਹੋਈ ਹੈ, ਪਰ ਅਜੇ ਤੱਕ ਇਸ ਦਾ ਕੋਈ ਸਥਾਈ ਹੱਲ ਨਹੀਂ ਹੋ ਸਕਿਆ।

ਜਾਣਕਾਰੀ ਅਨੁਸਾਰ ਇਸ ਮਾਰਗ 'ਤੇ ਨਾਲੀਆਂ ਤਾਂ ਬਣੀਆਂ ਹੋਈਆਂ ਹਨ, ਪਰ ਲੰਬੇ ਸਮੇਂ ਤੋਂ ਉਨ੍ਹਾਂ ਦੀ ਨਿਯਮਿਤ ਸਫ਼ਾਈ ਨਾ ਹੋਣ ਕਾਰਨ ਉਹ ਗੰਦੇ ਪਾਣੀ, ਕੂੜੇ-ਕਰਕਟ ਅਤੇ ਘਾਹ-ਫੂਸ ਨਾਲ ਪੂਰੀ ਤਰ੍ਹਾਂ ਭਰ ਚੁੱਕੀਆਂ ਹਨ। ਨਾਲੀਆਂ ਦੇ ਜਾਮ ਹੋਣ ਕਾਰਨ ਗੰਦਾ ਪਾਣੀ ਸੜਕ 'ਤੇ ਵਗ ਰਿਹਾ ਹੈ, ਜਿਸ ਨਾਲ ਆਉਣ-ਜਾਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਰਸਾਤ ਦੇ ਦਿਨਾਂ ਵਿੱਚ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ। ਸਥਾਨਕ ਵਾਸੀਆਂ ਕੁਲਵਿੰਦਰ ਸਿੰਘ, ਰਾਕੇਸ਼ ਸਿੰਘ, ਪਾਲ ਸਿੰਘ, ਪ੍ਰਕਾਸ਼ ਸਿੰਘ, ਚਮੇਲ ਸਿੰਘ, ਭਾਸ਼ੀ, ਅਵਤਾਰ ਸਿੰਘ ਅਤੇ ਹੋਰਾਂ ਨੇ ਪ੍ਰਸ਼ਾਸਨ ਅਤੇ ਸਬੰਧਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਨਾਲੀਆਂ ਦੀ ਜਲਦ ਤੋਂ ਜਲਦ ਸਫ਼ਾਈ ਕਰਵਾਈ ਜਾਵੇ ਅਤੇ ਪਾਣੀ ਦੀ ਨਿਕਾਸੀ ਦਾ ਢੁੱਕਵਾਂ ਪ੍ਰਬੰਧ ਕੀਤਾ ਜਾਵੇ, ਤਾਂ ਜੋ ਆਮ ਲੋਕਾਂ ਅਤੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਇਸ ਸਮੱਸਿਆ ਤੋਂ ਰਾਹਤ ਮਿਲ ਸਕੇ। ਇਸ ਸਬੰਧੀ ਗ੍ਰਾਮ ਪੰਚਾਇਤ ਬਾਥੂ ਦੀ ਪ੍ਰਧਾਨ **ਮੀਨਾ ਦੇਵੀ** ਨੇ ਦੱਸਿਆ ਕਿ ਅਜੇ ਪੰਚਾਇਤ ਦਾ ਰਸਮੀ ਗਠਨ ਨਹੀਂ ਹੋਇਆ ਹੈ। ਜਿਵੇਂ ਹੀ ਪੰਚਾਇਤ ਦਾ ਗਠਨ ਹੋਵੇਗਾ, ਪਹਿਲੀ ਮੀਟਿੰਗ ਵਿੱਚ ਰੁਕੇ ਹੋਏ ਵਿਕਾਸ ਕਾਰਜਾਂ ਦੇ ਨਾਲ-ਨਾਲ ਸਫ਼ਾਈ ਪ੍ਰਬੰਧ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਨਾਲੀਆਂ ਦੀ ਸਫ਼ਾਈ ਸਮੇਤ ਹੋਰ ਲੋੜੀਂਦੇ ਕੰਮ ਸ਼ੁਰੂ ਕਰਵਾ ਦਿੱਤੇ ਜਾਣਗੇ।

# ਗ੍ਰਾਮ ਪੰਚਾਇਤ ਬਾਥੂ ਵਿੱਚ ਵਾਰਡ ਪੰਚਾਂ ਨੇ ਚੁੱਕੀ ਸਹੁੰ, ਸੰਵਿਧਾਨ ਪ੍ਰਤੀ ਨਿਭਾਉਣਗੇ ਪੂਰੀ ਨਿਸ਼ਠਾ ਨਾਲ ਫ਼ਰਜ਼

## ਇਸ ਮੌਕੇ ਪੰਚਾਇਤ ਮੈਂਬਰਾਂ ਨੇ ਪੰਚਾਇਤ ਪ੍ਰੰਗਣ ਵਿੱਚ ਫਲਦਾਰ ਪੌਦਾ ਵੀ ਲਗਾਇਆ

ਪੈਗ਼ਾਮ-ਏ-ਜਗਤ/ਹਰੋਲੀ/ਊਨਾ
27 ਜੂਨ (ਰਾਜਵੀਰ ਚੋਪੜਾ)

ਗ੍ਰਾਮ ਪੰਚਾਇਤ ਬਾਥੂ ਵਿੱਚ ਸ਼ਨੀਵਾਰ ਨੂੰ ਪੰਚਾਇਤ ਦਫ਼ਤਰ ਵਿਖੇ ਨਵ-ਚੁਣੇ ਵਾਰਡ ਪੰਚਾਂ ਦਾ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਗ੍ਰਾਮ ਪੰਚਾਇਤ ਦੀ ਪ੍ਰਧਾਨ **ਮੀਨਾ ਦੇਵੀ** ਨੇ ਸਾਰੇ ਵਾਰਡ ਪੰਚਾਂ ਨੂੰ ਅਹੁਦੇ ਅਤੇ ਗੋਪਨੀਯਤਾ ਦੀ ਸਹੁੰ ਚੁਕਾਈ।

ਇਸ ਦੌਰਾਨ ਸਾਰੇ ਜਨ ਪ੍ਰਤੀਨਿਧੀਆਂ ਨੇ ਭਾਰਤ ਦੇ ਸੰਵਿਧਾਨ ਪ੍ਰਤੀ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਣ, ਆਪਣੇ ਫ਼ਰਜ਼ ਇਮਾਨਦਾਰੀ, ਨਿਰਪੱਖਤਾ ਅਤੇ ਸ਼ੁੱਧ ਅੰਤਰਆਤਮਾ ਨਾਲ ਨਿਭਾਉਣ ਅਤੇ ਬਿਨਾਂ ਕਿਸੇ ਡਰ, ਪੱਖਪਾਤ, ਲਗਾਵ ਜਾਂ ਦੁਸ਼ਮਣੀ ਦੇ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਸਾਰੇ ਲੋਕਾਂ ਨਾਲ ਨਿਆਂ ਕਰਨ ਦੀ ਸਹੁੰ ਚੁੱਕੀ। ਸਹੁੰ ਚੁੱਕਣ ਵਾਲਿਆਂ ਵਿੱਚ **ਸ਼ਸ਼ਦੇਵ ਕੁਮਾਰ, ਚੰਚਲਾ, ਅਕੁਲ ਰਾਣਾ, ਜੋਗਿੰਦਰ ਸਿੰਘ, ਡਿੰਪਲ ਰਾਠੌਰ, ਸ਼ੁਭ ਲਤਾ, ਨੀਤਾ ਕੁਮਾਰੀ, ਮਮਤਾ ਦੇਵੀ, ਸੁਸ਼ਮਾ ਦੇਵੀ, ਸੁਰੇਸ਼ ਕੁਮਾਰ, ਗਿਆਨ ਚੰਦ ਅਤੇ ਧਰਮਪਾਲ ਬੈਸ ਸ਼ਾਮਲ ਰਹੇ।

ਇਸ ਮੌਕੇ ਪੰਚਾਇਤ ਸਕੱਤਰ ਸ਼ਸ਼ੀ ਕੁਮਾਰ, ਤਕਨੀਕੀ ਸਹਾਇਕ ਜੀਵਨ ਕੁਮਾਰ ਅਤੇ ਗ੍ਰਾਮ ਪੰਚਾਇਤ ਦੇ ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦੇਣ ਦੇ ਸੰਕਲਪ ਨਾਲ ਕੀਤਾ ਗਿਆ। ਸਹੁੰ ਚੁੱਕ ਸਮਾਗਮ ਤੋਂ ਬਾਅਦ ਨਵ-ਚੁਣੇ ਪੰਚਾਇਤ ਮੈਂਬਰਾਂ ਨੇ ਪੰਚਾਇਤ ਪ੍ਰੰਗਣ ਵਿੱਚ ਫਲਦਾਰ ਪੌਦਾ ਲਗਾ ਕੇ ਵਾਤਾਵਰਨ ਸੰਭਾਲ ਦਾ ਸੰਦੇਸ਼ ਦਿੱਤਾ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ।

# ਟਾਹਲੀਵਾਲ-ਸੰਤੋਖਗੜ੍ਹ ਮਾਰਗ 'ਤੇ ਮਿੱਟੀ ਦਾ ਢੇਰ ਬਣਿਆ ਹਾਦਸਿਆਂ ਦਾ ਕਾਰਨ, ਰਾਹਗੀਰਾਂ ਨੇ ਸੁਰੱਖਿਆ ਪ੍ਰਬੰਧਾਂ 'ਤੇ ਚੁੱਕੇ ਸਵਾਲ

ਪੈਗ਼ਾਮ-ਏ-ਜਗਤ/ਹਰੋਲੀ/ਊਨਾ
27 ਜੂਨ (ਰਾਜਵੀਰ ਚੋਪੜਾ)

ਟਾਹਲੀਵਾਲ-ਸੰਤੋਖਗੜ੍ਹ ਮੁੱਖ ਮਾਰਗ 'ਤੇ ਨਗਰ ਪੰਚਾਇਤ ਟਾਹਲੀਵਾਲ ਦੇ ਆਰਾਮਨ ਗੇਟ ਨੇੜੇ ਸੜਕ ਕਿਨਾਰੇ ਪਿਆ ਮਿੱਟੀ ਦਾ ਢੇਰ ਰਾਹਗੀਰਾਂ ਲਈ ਵੱਡੀ ਮੁਸੀਬਤ ਬਣਿਆ ਹੋਇਆ ਹੈ। ਸਥਾਨਕ ਲੋਕਾਂ ਦੇ ਅਨੁਸਾਰ ਕਈ ਦਿਨਾਂ ਤੋਂ ਇਹ ਮਿੱਟੀ ਦਾ ਢੇਰ ਸੜਕ 'ਤੇ ਪਿਆ ਹੋਇਆ ਹੈ, ਜਿਸ ਕਾਰਨ ਲਗਭਗ ਚਾਰ ਫੁੱਟ ਤੱਕ ਸੜਕ ਦਾ ਹਿੱਸਾ ਰੁਕ ਗਿਆ ਹੈ ਅਤੇ ਵਾਹਨਾਂ ਦੀ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ।

ਬੀਤੀ ਰਾਤ ਟਾਹਲੀਵਾਲ ਉਦਯੋਗਿਕ ਖੇਤਰ ਤੋਂ ਕੰਮ ਮੁਕਾ ਕੇ ਆਪਣੇ ਘਰ ਵਾਪਸ ਪਰਤ ਰਹੇ ਕੁਝ ਮਜ਼ਦੂਰ ਹਨੇਰਾ ਹੋਣ ਕਾਰਨ ਇਸ ਮਿੱਟੀ ਦੇ ਢੇਰ ਨਾਲ ਟਕਰਾ ਗਏ। ਇਸ ਹਾਦਸੇ ਵਿੱਚ ਉਨ੍ਹਾਂ ਨੂੰ ਸੱਟਾਂ ਲੱਗੀਆਂ ਅਤੇ ਉਨ੍ਹਾਂ ਦੇ ਦੋਪਹੀਆ ਵਾਹਨਾਂ ਨੂੰ ਵੀ ਨੁਕਸਾਨ ਪਹੁੰਚਿਆ। ਖੁਸ਼ਕਿਸਮਤੀ ਰਹੀ ਕਿ ਕੋਈ ਵੱਡਾ ਹਾਦਸਾ ਨਹੀਂ ਵਾਪਰਿਆ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਮਿੱਟੀ ਕਿਸ ਵੱਲੋਂ ਸੜਕ ਕਿਨਾਰੇ ਸੁੱਟੀ ਗਈ ਹੈ, ਇਸ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ। ਜੇਕਰ ਕਿਸੇ ਨਿਰਮਾਣ ਕਾਰਜ ਲਈ ਮਿੱਟੀ ਲਿਆਂਦੀ ਗਈ ਸੀ ਤਾਂ ਇਸ ਦੀ ਸਮੇਂ ਸਿਰ ਵਰਤੋਂ ਕੀਤੀ ਜਾਣੀ ਚਾਹੀਦੀ ਸੀ। ਇੰਨੇ ਭੁੱਝੇ ਹੋਏ ਮਾਰਗ 'ਤੇ ਇਸ ਤਰ੍ਹਾਂ ਮਿੱਟੀ ਛੱਡ ਦੇਣਾ ਹਾਦਸਿਆਂ ਨੂੰ ਸੱਦਾ ਦੇਣ ਦੇ ਬਰਾਬਰ ਹੈ।

ਰਾਹਗੀਰਾਂ ਮੋਹਿਤ, ਰਮਨ, ਕਾਕਾ ਅਤੇ ਪੋਮਾ ਨੇ ਦੱਸਿਆ ਕਿ ਉਹ ਵੀ ਬੀਤੀ ਰਾਤ ਇਸ ਮਿੱਟੀ ਦੇ ਢੇਰ ਕਾਰਨ ਹਾਦਸੇ ਦਾ ਸ਼ਿਕਾਰ ਹੋਣ ਤੋਂ ਵਾਲ-ਵਾਲ ਬਚੇ। ਉਨ੍ਹਾਂ ਕਿਹਾ ਕਿ ਟਾਹਲੀਵਾਲ-ਸੰਤੋਖਗੜ੍ਹ ਮਾਰਗ ਉਦਯੋਗਿਕ ਖੇਤਰ ਹੋਣ ਕਾਰਨ 24 ਘੰਟੇ ਰੁੱਝਿਆ ਰਹਿੰਦਾ ਹੈ ਅਤੇ ਇਥੋਂ ਵੱਡੀ ਗਿਣਤੀ ਵਿੱਚ ਉਦਯੋਗਿਕ ਕਰਮਚਾਰੀ, ਸਕੂਲੀ ਬੱਚੇ ਅਤੇ ਹੋਰ ਵਾਹਨ ਲੰਘਦੇ ਹਨ। ਸਥਾਨਕ ਲੋਕਾਂ ਨੇ ਨਗਰ ਪੰਚਾਇਤ ਟਾਹਲੀਵਾਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸੜਕ 'ਤੇ ਪਿਆ ਮਿੱਟੀ ਦਾ ਢੇਰ ਤੁਰੰਤ ਹਟਾਇਆ ਜਾਵੇ। ਜੇਕਰ ਇਹ ਮਿੱਟੀ ਕਿਸੇ ਵਿਭਾਗ ਜਾਂ ਠੇਕੇਦਾਰ ਵੱਲੋਂ ਸੁੱਟੀ ਗਈ ਹੈ ਤਾਂ ਉਸ ਦੀ ਜ਼ਿੰਮੇਵਾਰੀ ਵੀ ਤੈਅ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕਿਸੇ ਵੱਡੇ ਹਾਦਸੇ ਤੋਂ ਬਚਿਆ ਜਾ ਸਕੇ। ਲੋਕਾਂ ਨੇ ਇਹ ਵੀ ਸਵਾਲ ਉਠਾਇਆ ਕਿ ਕੀ ਪ੍ਰਸ਼ਾਸਨ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਿਹਾ ਹੈ? ਨਗਰ ਪੰਚਾਇਤ ਟਾਹਲੀਵਾਲ ਦੀ ਪ੍ਰਧਾਨ ਨਿਰੰਜਨਾ ਕੁਮਾਰੀ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆ ਗਿਆ ਹੈ ਅਤੇ ਜਲਦੀ ਹੀ ਇਸ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।

# ਜਨ ਸਹਿਯੋਗ ਨਾਲ ਹੀ ਜੜ੍ਹ ਤੋਂ ਖ਼ਤਮ ਹੋਵੇਗਾ ਨਸ਼ੇ ਦਾ ਕਾਰੋਬਾਰ : ਡੀਐਸਪੀ ਮੋਹਨ ਰਾਵਤ

- ਰਾਜਕੀ ਸੀਨੀਅਰ ਸੈਕੰਡਰੀ ਸਕੂਲ ਟਾਹਲੀਵਾਲ ਵਿੱਚ ਨਸ਼ਾ ਮੁਕਤੀ ਜਾਗਰੂਕਤਾ ਮੀਟਿੰਗ ਦਾ ਆਯੋਜਨ
- ਮਾਪਿਆਂ ਨੂੰ ਬੱਚਿਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਦੀ ਕੀਤੀ ਅਪੀਲ

ਪੈਗ਼ਾਮ-ਏ-ਜਗਤ/ਹਰੋਲੀ/ਊਨਾ
27 ਜੂਨ (ਰਾਜਵੀਰ ਚੋਪੜਾ)

ਉਦਯੋਗਿਕ ਖੇਤਰ ਟਾਹਲੀਵਾਲ ਸਥਿਤ ਰਾਜਕੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤੀ ਅਭਿਆਨ ਤਹਿਤ ਇੱਕ ਜਾਗਰੂਕਤਾ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਹਰੋਲੀ ਦੇ ਡੀਐਸਪੀ **ਮੋਹਨ ਰਾਵਤ** ਨੇ ਕੀਤੀ। ਇਸ ਮੌਕੇ ਥਾਣਾ ਟਾਹਲੀਵਾਲ ਦੇ ਮੁਖੀ **ਰਿਕੂ ਸੂਰਜਵੇਸ਼ੀ** ਆਪਣੀ ਪੁਲਿਸ ਟੀਮ ਸਮੇਤ ਹਾਜ਼ਰ ਰਹੇ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਡੀਐਸਪੀ ਮੋਹਨ ਰਾਵਤ ਨੇ ਕਿਹਾ ਕਿ ਨਸ਼ੇ ਵਰਗੀ ਗੰਭੀਰ ਸਮਾਜਿਕ ਬੁਰਾਈ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਪੁਲਿਸ ਅਤੇ ਆਮ ਲੋਕਾਂ ਵਿਚਕਾਰ ਆਪਸੀ ਤਾਲਮੇਲ ਅਤੇ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋਕ ਨਸ਼ਾ ਤਸਕਰਾਂ ਨਾਲ ਸੰਬੰਧਿਤ ਗੁਪਤ ਅਤੇ ਸਹੀ ਜਾਣਕਾਰੀ ਪੁਲਿਸ ਤੱਕ ਪਹੁੰਚਾਉਣ, ਤਾਂ ਅਜਿਹੇ ਅਪਰਾਧੀਆਂ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆਉਣਾ ਹੋਰ ਆਸਾਨ ਹ�ो ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸ਼ੱਕੀ ਗਤੀਵਿਧੀ ਜਾਂ ਬਾਹਰੀ ਵਿਅਕਤੀ ਬਾਰੇ ਜਾਣਕਾਰੀ ਲੁਕਾਉਣ ਦੀ ਬਜਾਏ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਸਮੇਂ ਸਿਰ ਜਾਂਚ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

ਡੀਐਸਪੀ ਨੇ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਦੀ ਰੋਜ਼ਾਨਾ ਦੀ ਦਿਨਚਰਿਆ ਅਤੇ ਗਤੀਵਿਧੀਆਂ 'ਤੇ ਵਿਸ਼ੇਸ਼ ਧਿਆਨ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮਾਪੇ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਬੱਚੇ ਗਲਤ ਸੰਗਤ ਵਿੱਚ ਨਾ ਪੈਣ ਅਤੇ ਚਿੱਟੇ, ਭੁੱਕੀ ਤੇ ਹੋਰ ਨਸ਼ਿਆਂ ਤੋਂ ਪੂਰੀ ਤਰ੍ਹਾਂ ਦੂਰ ਰਹਿਣ। ਮੀਟਿੰਗ ਦੌਰਾਨ ਹਾਜ਼ਰ ਲੋਕਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਪੁਲਿਸ ਪ੍ਰਸ਼ਾਸਨ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਸੰਕਲਪ ਲਿਆ। ਇਸ ਮੌਕੇ ਨਗਰ ਪੰਚਾਇਤ ਟਾਹਲੀਵਾਲ ਦੇ ਉਪ ਪ੍ਰਧਾਨ ਰਾਜ ਕੁਮਾਰ ਮੱਲੀ, ਪਾਰਸਦ ਅਸੀ ਸਹਿਗਲ, ਅਸ਼ੋਕ ਕੁਮਾਰ ਰਾਣਾ, ਪ੍ਰਦੀਪ ਰਾਣਾ, ਆਸ਼ਾ ਵਰਕਰ ਆਸ਼ਾ ਦੇਵੀ, ਸਕੂਲ ਦੀ ਪ੍ਰਿੰਸੀਪਲ, ਅਰੁਣ ਕੁਮਾਰ ਰਿਪੀ ਸਮੇਤ ਹੋਰ ਪਤਵੰਤੇ ਵਿਅਕਤੀ ਅਤੇ ਸਥਾਨਕ ਨਾਗਰਿਕ ਵੀ ਹਾਜ਼ਰ ਸਨ।

# ਘਰ ਵਿਚ ਦੱਬੀਆਂ ਸੋਨੇ ਦੀਆਂ ਇੱਟਾਂ ਕੱਢਣ ਦੇ ਬਹਾਨੇ ਲੱਖਾਂ ਠੱਗਣ ਵਾਲਾ ਤਾਂਤਰਿਕ ਗ੍ਰਿਫ਼ਤਾਰ

ਪੈਗ਼ਾਮ-ਏ-ਜਗਤ
ਅੰਬਾਲਾ, 27 ਜੂਨ (ਆਰ.ਸਿੰਘ)

ਅੰਬਾਲਾ ਦੇ ਪਤਰੜੜੀ ਪਿੰਡ ਦੇ ਇਕ ਨੌਜਵਾਨ ਨਾਲ ਤਾਂਤਰਿਕ ਅਭਿਆਸਾਂ ਰਾਹੀਂ ਘਰ ਵਿਚ ਦੱਬੀਆਂ ਸੋਨੇ ਦੀਆਂ ਇੱਟਾਂ ਕੱਢਣ ਦੇ ਨਾਂ ਤੇ ਇਕ ਤਾਂਤਰਿਕ ਵੱਲੋਂ ਲੱਖਾਂ ਰੁਪਏ ਠੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਨੌਜਵਾਨ ਦੀ ਸ਼ਿਕਾਇਤ ਤੇ ਸ਼ਾਹਜਾਦਪੁਰ ਪੁਲੀਸ ਨੇ ਕਾਰਵਾਈ ਕਰਦਿਆਂ ਮੁੱਖ ਦੋਸ਼ੀ ਯਮੁਨਾਨਗਰ ਦੇ ਦਾਰਪੁਰ ਪਿੰਡ ਦੇ ਰਹਿਣ ਵਾਲੇ ਅਬਦੁਲ ਵਾਜਿਦ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਿਥੋ ਉਸ ਨੂੰ ਤਿੰਨ ਦੇ ਪੁਲੀਸ ਰਿਮਾਂਡ ਤੇ ਭੇਜ ਦਿੱਤਾ ਗਿਆ।

ਸ਼ਿਕਾਇਤਕਰਤਾ ਅਜੈ ਕੁਮਾਰ ਨੇ ਪੁਲੀਸ ਨੂੰ ਦੱਸਿਆ ਕਿ ਸਤੰਬਰ 2025 ਵਿੱਚ ਉਹ ਅਬਦੁਲ ਵਾਜਿਦ, ਅਲੀ ਅਹਿਮਦ ਅਤੇ ਜ਼ਾਕਿਰ ਖ਼ਾਨ ਨੂੰ ਮਿਲਿਆ। ਦੋਸ਼ੀਆਂ ਨੇ ਦਾਅਵਾ ਕੀਤਾ ਕਿ ਉਹ ਤਾਂਤਰਿਕ ਅਭਿਆਸਾਂ ਰਾਹੀਂ ਉਸ ਦੇ ਘਰ ਵਿੱਚ ਦੱਬਿਆ ਸੋਨਾ ਕੱਢ ਸਕਦੇ ਹਨ। ਸ਼ੁਰੂ ਵਿੱਚ ਉਨ੍ਹਾਂ ਨੇ 10,000 ਰੁਪਏ ਲਏ ਅਤੇ ਇੱਕ ਭਾਂਡੇ ਵਿੱਚ 116 ਸੋਨੇ ਦੇ ਝੂਲੇ ਵਾਲੇ ਸਿੱਕੇ ਰੱਖੇ ਅਤੇ ਉਸ ਨੂੰ 41 ਦਿਨਾਂ ਬਾਅਦ ਖੋਲ੍ਹਣ ਲਈ ਕਿਹਾ। ਜਦੋਂ ਨਿਰਧਾਰਿਤ ਸਮੇਂ 'ਤੇ ਭਾਂਡਾ ਖੋਲ੍ਹਿਆ ਗਿਆ ਤਾਂ ਸਿੱਕੇ ਆਮ ਲੋਹੇ ਦੇ ਨਿਕਲੇ। ਅਜੈ ਦੇ ਅਨੁਸਾਰ ਦੋਸ਼ੀ ਨੇ ਉਸ ਨਾਲ ਕੁੱਲ 14.60 ਲੱਖ ਰੁਪਏ ਦੀ ਠੱਗੀ ਮਾਰੀ। ਥਾਣਾ ਇੰਚਾਰਜ ਸਬ-ਇੰਸਪੈਕਟਰ ਓਮ ਪ੍ਰਕਾਸ਼ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਐਫਆਈਆਰ ਦਰਜ ਕਰ ਕੇ ਮੁੱਖ ਦੋਸ਼ੀ ਅਬਦੁਲ ਵਾਜਿਦ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁੱਛ-ਗਿੱਛ ਦੌਰਾਨ ਉਸ ਨੇ ਲਾਡਵਾ ਅਤੇ ਹੋਰ ਥਾਵਾਂ 'ਤੇ ਵੀ ਇਸੇ ਤਰ੍ਹਾਂ ਦੀਆਂ ਧੋਖਾਧੜੀਆਂ ਕਰਨ ਦੀ ਗੱਲ ਕਬੂਲੀ ਹੈ।

ਪੁਲੀਸ ਉਸ ਦੇ ਸਾਥੀ ਦੂਜੇ ਦੋਸ਼ੀਆਂ ਦੀ ਭਾਲ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਵੀ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਸ੍ਰ. ਅਜੀਤ ਸਿੰਘ ਜੀ ਦਾ ਅਕਾਲ ਚਲਾਣਾ ਬੇਹੱਦ ਦੁਖਦਾਈ

ਜੰਮੂ, (ਪੈਗ਼ਾਮ-ਏ-ਜਗਤ)

ਪ੍ਰਸਿੱਧ ਸੰਪਾਦਕ ਰਾਜਾ ਪੱਪਿਦਰ ਸਿੰਘ ਪਾਰਸ ਹੁਰਾਂ ਵਲੋਂ ਮਿਲੀ ਜਾਣਕਾਰੀ ਮੁਤਾਬਕ ਸ੍ਰ. ਅਜੀਤ ਸਿੰਘ ਪਿੰਡ ਪਾਲਪੁਰਾ, ਜ਼ਿਲ੍ਹਾ ਕੁਲਗਾਮ ਕਸ਼ਮੀਰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਆਪਣੇ ਸਮੇਂ ਦੇ ਦੌਰਾਨ ਜ਼ਿੰਦਗੀ ਦੀ ਕਸ਼ਮਕਸ਼ ਵਿਚ ਹਮੇਸ਼ਾ ਤਰਪਰ ਰਹੇ।

ਗੁਰਬਾਣੀ ਦਾ ਪਾਠ ਅਤੇ ਹਰ ਵੇਲੇ ਗੁਰਦੁਆਰੇ ਵਿਚ ਸਿਮਰਨ ਕਰਨਾ ਉਨ੍ਹਾਂ ਦਾ ਪੱਕਾ ਦਸਤੂਰ ਸੀ। ਆਪਣੇ ਪਰਿਵਾਰ ਪਿਛੋ ਧਰਮ ਪਤਨੀ ਸ੍ਰੀਮਤੀ ਜੀਤ ਕੌਰ ਅਤੇ ਦੋ ਕੁੜੀਆਂ, ਸੋਨੀ ਕੌਰ 'ਤੇ ਮੋਨੂ ਕੌਰ ਦੇ ਨਾਲ ਨਾਲ ਦੋਹਤਰੀ ਨੂੰ ਅਲਵਿਦਾ ਕਹਿ

# ਪੰਜਾਬ ਟਰੇਡਰਜ਼ ਕਮਿਸ਼ਨ ਹਲਕਾ ਖਰੜ ਦੀ ਮੀਟਿੰਗ- ਵਪਾਰੀਆਂ ਨੇ ਦਿੱਤੀਆਂ ਲਿਖਤੀ ਸ਼ਿਕਾਇਤਾਂ

ਖਰੜ,
(ਪੈਗਾਮ-ਏ-ਜਗਤ)

ਬੱਸ ਸਟੈਂਡ ਖਰੜ ਵਿਖੇ ਪੰਜਾਬ ਟਰੇਡਰਜ਼ ਕਮਿਸ਼ਨ ਹਲਕਾ ਖਰੜ ਦੀ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੀ ਅਗਵਾਈ ਸ੍ਰੀ ਤਰਲੋਚਨ ਸਿੰਘ ਬੈਦਵਾਣ, ਵਾਈਸ ਚੇਅਰਮੈਨ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਮੋਹਾਲੀ ਨੇ ਕੀਤੀ। ਇਸ ਮੌਕੇ ਯਸ਼ਪਾਲ ਬਾਂਸਲ, ਚੇਅਰਮੈਨ ਹਲਕਾ ਟ੍ਰੇਡ ਕਮਿਸ਼ਨ ਖਰੜ, ਮਨਦੀਪ ਸਿੰਘ ਪ੍ਰਧਾਨ ਐਸ.ਸੀ. ਵਿੰਗ ਮੋਹਾਲੀ, ਸੁਰਿੰਦਰ ਸਿੰਘ ਮਟੌਰ, ਹਿਮਾਂਸ਼ੂ ਬਾਂਸਲ, ਵਿਵੇਕ ਗੁਪਤਾ ਮੈਂਬਰ ਟਰੇਡ ਕਮਿਸ਼ਨ ਖਰੜ ਵਿਸ਼ੇਸ਼ ਤੌਰ ਤੋਂ ਹਾਜ਼ਰ ਰਹੇ।

ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵਿੱਚ ਸ੍ਰੀ ਰਾਜੀਵ ਸ਼ਰਮਾ ਈਟੀਓ ਜੀਐਸਟੀ, ਸ੍ਰੀ ਹਰੀ ਓਮ ਐਸਟੇ ਜੀਐਸਟੀ, ਸ੍ਰੀ ਜਸਨੂਰ ਸਿੰਘ ਐਸ.ਡੀ.ਓ. ਪੀ.ਐਸ.ਪੀ.ਸੀ.ਐਲ., ਸ੍ਰੀ ਗੋਪੀ ਚੰਦ ਆਈਐਸ ਪੀਐਸਪੀਸੀਐਲ, ਸ੍ਰੀ ਦਰਸ਼ਨ ਸਿੰਘ ਸੈਨੇਟਰੀ ਇੰਸਪੈਕਟਰ ਨਗਰ ਕੌਂਸਲ ਖਰੜ, ਸ੍ਰੀ ਸੁਰਨਾਮ ਸਿੰਘ ਜੇ. ਈ. ਨਗਰ ਕੌਂਸਲ ਖਰੜ ਸ਼ਾਮਲ ਹੋਏ।

ਵੱਡੀ ਗਿਣਤੀ ਵਿੱਚ ਪਹੁੰਚੇ ਵਪਾਰੀਆਂ ਨੇ ਆਪਣੀਆਂ ਸਮੱਸਿਆਵਾਂ ਲਿਖਤੀ ਤੌਰ ਤੋਂ ਪੇਸ਼ ਕੀਤੀਆਂ। ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੌਕੇ ਤੋਂ ਹੀ ਸ਼ਿਕਾਇਤਾਂ ਸੌਂਪ ਕੇ ਤੁਰੰਤ ਪੁਡ਼ਾਚ ਨਾਲ ਕਾਰਵਾਈ ਕਰਕੇ ਹੱਲ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ। ਵਪਾਰੀਆਂ ਨੇ ਪੰਜਾਬ ਸਰਕਾਰ ਦਾ ਟਰੇਡ ਕਮਿਸ਼ਨ ਬਣਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ "2027 ਵਿੱਚ ਦੁਬਾਰਾ ਸਰਕਾਰ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

ਕਮਿਸ਼ਨ ਵੱਲੋਂ ਵਪਾਰੀਆਂ ਨੂੰ ਭਰੋਸਾ ਦਿਵਾਇਆ ਗਿਆ ਕਿ ਪੰਜਾਬ ਸਰਕਾਰ ਵਪਾਰੀਆਂ ਦੇ ਮਸਲੇ ਹੱਲ ਕਰਵਾਉਣ ਲਈ ਵਚਨਬੰਧ ਹੈ।

# ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਵੱਲੋਂ ਸੈਕਟਰ-71, ਮੋਹਾਲੀ ਵਿਖੇ ਵਪਾਰੀਆਂ ਅਤੇ ਦੁਕਾਨਦਾਰਾਂ ਨਾਲ ਮੀਟਿੰਗ

ਸਾਹਿਬਜ਼ਾਦਾ ਅਜੀਤ ਸਿੰਘ ਨਗਰ,
27 ਜੂਨ (ਪੈਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਸਮੇਂ ਸਿਰ ਨਿਪਟਾਰੇ ਅਤੇ ਵਪਾਰਕ ਭਾਈਚਾਰੇ ਨਾਲ ਲਗਾਤਾਰ ਸੰਵਾਦ ਬਣਾਈ ਰੱਖਣ ਦੇ ਉਦੇਸ਼ ਨਾਲ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਵੱਲੋਂ ਅੱਜ ਸੈਕਟਰ-71, ਮੋਹਾਲੀ ਵਿਖੇ ਵਪਾਰੀਆਂ ਅਤੇ ਦੁਕਾਨਦਾਰਾਂ ਨਾਲ ਇੱਕ ਮੀਟਿੰਗ ਕੀਤੀ ਗਈ।

ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਭਰਜੀਤ ਪਾਲ ਸਿੰਘ ਨੇ ਕੀਤੀ। ਇਸ ਮੌਕੇ ਉਨ੍ਹਾਂ ਨੇ ਵਾਈਸ ਚੇਅਰਮੈਨ ਤਰਲੋਚਨ ਸਿੰਘ ਬੈਦਵਾਣ ਨਾਲ ਮਿਲ ਕੇ ਹਾਜ਼ਰ ਵਪਾਰੀਆਂ ਅਤੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਅਤੇ ਸੁਝਾਅ ਧਿਆਨ ਨਾਲ ਸੁਣੇ।

ਚੇਅਰਮੈਨ ਭਰਜੀਤ ਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਨੂੰ ਸੁਖਾਵਾਂ ਅਤੇ ਅਨੁਕੂਲ ਕਾਰੋਬਾਰੀ ਮਾਹੌਲ ਪ੍ਰਦਾਨ ਕਰਨ ਲਈ ਵਚਨਬੰਧ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਮੀਟਿੰਗ ਦੌਰਾਨ ਉਠਾਏ ਗਏ ਜਾਇਜ਼ ਮਸਲਿਆਂ ਨੂੰ ਸਬੰਧਤ ਵਿਭਾਗਾਂ ਦੇ ਧਿਆਨ ਵਿੱਚ ਲਿਆ ਕੇ ਉਨ੍ਹਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਕਰਵਾਇਆ ਜਾਵੇਗਾ। ਮੀਟਿੰਗ ਦੌਰਾਨ ਵਪਾਰੀਆਂ ਨੇ ਸ਼ਹਿਰੀ ਸਹੂਲਤਾਂ, ਬੁਨਿਆਦੀ ਢਾਂਚੇ ਅਤੇ ਵਪਾਰ ਨਾਲ ਸਬੰਧਤ ਵੱਖ-ਵੱਖ ਮਸਲੇ ਉਠਾਏ, ਜਿਨ੍ਹਾਂ ਦੇ ਹੱਲ ਲਈ ਕਮਿਸ਼ਨ ਵੱਲੋਂ ਲੋੜੀਂਦੀ ਕਾਰਵਾਈ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਵਿਧਾਨ ਸਭਾ ਹਲਕਾ ਚੇਅਰਮੈਨ ਅਕਵਿੰਦਰ ਸਿੰਘ ਗੋਸਲ, ਨਗਰ ਨਿਗਮ ਮੋਹਾਲੀ ਦੇ ਸੀਨੀਅਰ ਡਿਪਟੀ ਮੇਅਰ ਰਾਜਿੰਦਰ ਪ੍ਰਸਾਦ ਸ਼ਰਮਾ, ਡਿਪਟੀ ਮੇਅਰ ਹਰਪਾਲ ਸਿੰਘ ਚੰਨਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਪਾਰੀ, ਦੁਕਾਨਦਾਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸਰਕਾਰੀ ਪੌਲੀਟੈਕਨਿਕ ਕਾਲਜ ਖੂਨੀ ਮਾਜਰਾ ਵਿਖੇ ਆਈ.ਆਈ.ਟੀ. ਰੋਪੜ ਦੇ ਸਹਿਯੋਗ ਨਾਲ ਸੀ.ਪੀ.ਐਸ. ਲੈਬ ਦਾ ਉਦਘਾਟਨ

ਖਰੜ, 27 ਜੂਨ,
(ਪੈਗਾਮ-ਏ-ਜਗਤ)

ਸਰਕਾਰੀ ਪੌਲੀਟੈਕਨਿਕ ਕਾਲਜ, ਖੂਨੀ ਮਾਜਰਾ ਵਿਖੇ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕੀ ਸਿੱਖਿਆ ਨਾਲ ਜੋੜਨ ਦੇ ਉਦੇਸ਼ ਨਾਲ ਪ੍ਰਿੰਸੀਪਲ ਰਕਸ਼ਾ ਕਿਰਨ ਦੇ ਯਤਨਾਂ ਸਦਕਾ ਅਜ਼ਾਦ ਆਈ ਟੀ ਰੋਪੜ ਤੋਂ ਸਹਿਯੋਗ ਨਾਲ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਉੱਚ ਅਫ਼ਸਰਾਂ ਦੇ ਤਕਨੀਕੀ ਸਿੱਖਿਆ ਨੂੰ ਨਵੇਂ ਦਿਸ਼ਾ ਦੇਣ ਦੇ ਮੰਤਵ ਸਥਾਪਿਤ ਕੀਤੀ ਗਈ ਸਾਈਬਰ-ਫਿਜ਼ੀਕਲ ਸਿਸਟਮ (ਸੀ ਪੀ ਐਸ) ਲੈਬ ਦਾ ਉਦਘਾਟਨ ਐਸ.ਡੀ.ਐਮ. ਖਰੜ, ਗੁਰਮੀਤ ਸਿੰਘ ਵੱਲੋਂ ਕੀਤਾ ਗਿਆ।

ਇਸ ਮੌਕੇ ਐਸ.ਡੀ.ਐਮ. ਨੇ ਕਿਹਾ ਕਿ ਸੀ ਪੀ ਐਸ ਲੈਬ ਵਿਦਿਆਰਥੀਆਂ ਨੂੰ ਨਵੀਆਂ ਤਕਨੀਕਾਂ, ਆਟੋਮੇਸ਼ਨ, ਇਟਰਨੈਟ ਆਫ ਥਿਗਜ਼, ਰੋਬੋਟਿਕਸ ਅਤੇ ਇੰਡਸਟਰੀ 4.0 ਨਾਲ ਸਬੰਧਤ ਵਿਹਾਰਕ ਸਿਖਲਾਈ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ ਅਤੇ ਭੂਮੀ ਪਰਖ ਅਤੇ ਵਾਤਾਵਰਣ ਦੇ ਫੋਰਕਾਸਟ ਬਾਰੇ ਅਹਿਮ ਜਾਣਕਾਰੀ ਉਪਲੰਬਧ ਕਰਵਾਏਗੀ। ਉਨ੍ਹਾਂ ਨੇ ਕਾਲਜ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂਪ੍ਰਯੋਗਸ਼ਾਲਾਵਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਅਤੇ ਉਦਯੋਗਿਕ ਲੋੜਾਂ ਅਨੁਸਾਰ ਤਿਆਰ ਕਰਨ ਵਿੱਚ ਮਦਦਗਾਰ ਸਾਬਤ ਹੋਣਗੀਆਂ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਰਵਿੰਦਰ ਸਿੰਘ ਵਾਲੀਆ ਅਤੇ ਆਈ ਆਈ ਟੀ ਰੋਪੜ ਤੋਂ ਆਏ ਅਤਿਰਿਕਤ ਮੰਦਾਨ, ਨੇ ਦੱਸਿਆ ਕਿ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਅਤੇ ਆਧੁਨਿਕ ਤਕਨੀਕੀ ਸਿੱਖਿਆ ਪ੍ਰਦਾਨ ਕਰਨ ਲਈ ਲਗਾਤਾਰ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ। ਸੀ ਪੀ ਐਸ ਲੈਬ ਵੀ ਇਸੇ ਲੜੀ ਦੀ ਇੱਕ ਮਹੱਤਵਪੂਰਨ ਕੜੀ ਹੈ, ਜਿਸ ਨਾਲ ਵਿਦਿਆਰਥੀਆਂ ਦੇ ਹੁਨਰ ਵਿੱਚ ਵਾਧਾ ਹੋਵੇਗਾ ਅਤੇ ਉਹ ਨਵੀਆਂ ਤਕਨੀਕਾਂ ਨਾਲ ਹੋਰ ਪੁਰਾਵਾਸ਼ਾਲੀ ਢੰਗ ਨਾਲ ਜੁੜ ਸਕਣਗੇ।

ਕਾਲਜ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਇਚਾਰਜ ਪ੍ਰੋ ਗੁਰਬਖਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਕਿ ਆਈ ਆਈ ਟੀ ਰੋਪੜ ਵੱਲੋਂ ਸ੍ਰੀ ਅਵਿਤਿਕਾ ਮਦਾਨ, ਚੀਫ ਪਾਰਟਨਰਸ਼ਿਪ ਅਫ਼ਸਰ, ਅਖਿਲਾ ਅਨਿਲ ਡਿਪਟੀ ਮੈਨੇਜਰ ਸਕਿਲ ਅਤੇ ਪਾਰਟਨਰਸ਼ਿਪ, ਅੰਕਿਤ ਸ਼ਰਮਾ ਯੰਗ ਪ੍ਰੋਫੈਸ਼ਨਲ ਸਕਿਲ ਅਤੇ ਪਾਰਟਨਰਸ਼ਿਪ ਅਤੇ ਉਨ੍ਹਾਂ ਦੀ ਟੀਮ ਨੇ ਸੀ ਪੀ ਐਸ ਲੈਬ ਦੀ ਸਥਾਪਨਾ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਨੇ ਲੈਬ ਦੇ ਉਦੇਸ਼ਾਂ ਅਤੇ ਇਸ ਰਾਹੀਂ ਵਿਦਿਆਰਥੀਆਂ ਨੂੰ ਮਿਲਣ ਵਾਲੇ ਸਿੱਖਣ ਦੇ ਮੌਕਿਆਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਸਮਾਗਮ ਦੌਰਾਨ ਰਹਪ੍ਰੀਤ ਕੌਰ ਮੁਖੀ ਮੈਡੀਕਲ ਲੈਬ ਟੈਕਨੋਲੋਜੀ ਵਿਭਾਗ, ਕਵਿਤਾ ਮੌਗਾ ਮੁਖੀ ਅਪਲਾਈਡ ਸਾਇੰਸ ਵਿਭਾਗ, ਸੰਜੀਵ ਜਿੰਦਲ ਮੁਖੀ ਮਕੈਨਿਕਲ ਵਿਭਾਗ, ਕਾਲਜ ਦੇ ਅਧਿਆਪਕ, ਸਟਾਫ ਮੈਂਬਰ, ਵਿਦਿਆਰਥੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਪ੍ਰਭੂ ਸ੍ਰੀ ਰਾਮ ਦੇ ਅਯੋਧਿਆ ਮੰਦਰ ਦੇ ਚੜ੍ਹਾਵੇ ਵਿੱਚ ਕਥਿਤ ਚੋਰੀ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ, ਚੰਡੀਗੜ੍ਹ ਵੱਲੋਂ ਪ੍ਰਦਰਸ਼ਨ

ਪੈਗਾਮ-ਏ-ਜਗਤ/ਚੰਡੀਗੜ੍ਹ
27 ਜੂਨ (ਹਰਮਿੰਦਰ ਸਿੰਘ ਨਾਗਪਾਲ)

ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਦੇ ਵਿਸ਼ੇਸ਼ ਹਾਊਸ ਮੀਟਿੰਗ ਵਿੱਚ ਪਹੁੰਚਣ ਦੌਰਾਨ ਆਮ ਆਦਮੀ ਪਾਰਟੀ, ਚੰਡੀਗੜ੍ਹ ਵੱਲੋਂ ਅਯੋਧਿਆ ਸਥਿਤ ਪ੍ਰਭੂ ਸ੍ਰੀ ਰਾਮ ਮੰਦਰ ਵਿੱਚ ਸ਼ਰਧਾਲੂਆਂ ਦੇ ਚੜ੍ਹਾਵੇ ਨਾਲ ਜੁੜੇ ਕਥਿਤ ਕਰੋੜਾਂ ਰੁਪਏ ਦੀ ਚੋਰੀ ਦੇ ਮਾਮਲੇ ਨੂੰ ਲੈ ਕੇ ਸੈਕਟਰ-17 ਸਥਿਤ ਨਗਰ ਨਿਗਮ ਭਵਨ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ।

ਪ੍ਰਦਰਸ਼ਨ ਦੌਰਾਨ ਆਮ ਆਦਮੀ ਪਾਰਟੀ, ਚੰਡੀਗੜ੍ਹ ਨੇ ਕਿਹਾ ਕਿ ਪ੍ਰਭੂ ਸ੍ਰੀ ਰਾਮ ਦੇ ਅਯੋਧਿਆ ਮੰਦਰ ਵਿੱਚ ਸ਼ਰਧਾਲੂਆਂ ਦੇ ਚੜ੍ਹਾਵੇ ਵਿੱਚ ਕਥਿਤ ਚੋਰੀ ਦਾ ਮਾਮਲਾ ਕਰੋੜਾਂ ਰਾਮ ਭਗਤਾਂ ਦੀ ਆਸਥਾ 'ਤੇ ਡੂੰਘੀ ਚੋਟ ਹੈ। ਭਗਵਾਨ ਸ੍ਰੀ ਰਾਮ ਦੇ ਚਰਨਾਂ ਵਿੱਚ ਸ਼ਰਧਾ ਅਤੇ ਵਿਸ਼ਵਾਸ ਨਾਲ ਚੜ੍ਹਾਏ ਗਏ ਗਹਿਣਿਆਂ, ਨਕਦੀ ਅਤੇ ਹੋਰ ਦਾਨ ਸਬੰਧੀ ਉੱਠੇ ਸਵਾਲਾਂ ਨੇ ਦੇਸ਼ ਭਰ ਦੇ ਰਾਮ ਭਗਤਾਂ ਨੂੰ ਆਹਤ ਕੀਤਾ ਹੈ।

ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਜਿਸ 'ਅਯੋਧਿਆ ਮਾਡਲ' ਦਾ ਸਾਲਾਂ ਤੱਕ ਦੇਸ਼ ਭਰ ਵਿੱਚ ਪ੍ਰਚਾਰ ਕੀਤਾ ਗਿਆ, ਉਸ 'ਤੇ ਹੁਣ ਨਿਰਮਾਣ ਕਾਰਜਾਂ, ਜ਼ਮੀਨ ਖ਼ਰੀਦ, ਚੜ੍ਹਾਵੇ ਅਤੇ ਹੋਰ ਕਥਿਤ ਬੇਨਿਯਮੀਆਂ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਜੇਕਰ ਸਰਕਾਰ ਵਾਸਤਵ ਵਿੱਚ ਭ੍ਰਿਸ਼ਟਾਚਾਰ ਦੇ ਖ਼ਾਤਮਾ ਹੈ ਤਾਂ ਕੇਵਲ ਰਸਮੀ ਕਾਰਵਾਈ ਕਰਨ ਦੀ ਬਜਾਏ ਪੂਰੇ ਮਾਮਲੇ ਦੀ ਨਿਰਪੱਖ, ਸੁਤੰਤਰ ਅਤੇ ਸਮੰਬੰਧ ਜਾਂਚ ਕਰਵਾਈ ਜਾਣੀ ਚਾਹੀਦੀ ਹੈ।

ਪਾਰਟੀ ਨੇ ਦੋਸ਼ ਲਗਾਇਆ ਕਿ ਇੰਨੇ ਗੰਭੀਰ ਮਾਮਲੇ ਵਿੱਚ ਜੇਕਰ ਜਾਂਚ ਅਤੇ ਕਾਰਵਾਈ ਸਿਰਫ਼ ਹੇਠਲੇ ਪੱਧਰ ਦੇ ਕਰਮਚਾਰੀਆਂ ਤੱਕ ਹੀ ਸੀਮਿਤ ਰੱਖੀ ਜਾਂਦੀ ਹੈ ਤਾਂ ਇਸ ਨਾਲ ਇਹ ਧਾਰਣਾ ਬਣਦੀ ਹੈ ਕਿ ਅਸਲ ਜ਼ਿੰਮੇਵਾਰ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਕਿਸੇ ਉੱਚ ਪੱਧਰ 'ਤੇ ਵੀ ਜ਼ਿੰਮੇਵਾਰੀ ਬਣਦੀ ਹੈ ਤਾਂ ਕਿਸੇ ਨੂੰ ਵੀ ਕਾਨੂੰਨ ਤੋਂ ਉੱਪਰ ਨਹੀਂ ਮੰਨਿਆ ਜਾਣਾ ਚਾਹੀਦਾ।

ਆਮ ਆਦਮੀ ਪਾਰਟੀ, ਚੰਡੀਗੜ੍ਹ ਨੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਅਤੇ ਭਾਜਪਾ ਤੋਂ ਸਵਾਲ ਕੀਤਾ ਕਿ ਜਦੋਂ ਭਾਜਪਾ ਸ਼ਾਸਿਤ ਉੱਤਰ ਪ੍ਰਦੇਸ਼ ਵਿੱਚ ਭਗਵਾਨ ਸ੍ਰੀ ਰਾਮ ਦੇ ਮੰਦਰ ਵਿੱਚ ਸ਼ਰਧਾਲੂਆਂ ਦੇ ਚੜ੍ਹਾਵੇ ਤੱਕ ਸੁਰੱਖਿਅਤ ਨਹੀਂ ਹਨ ਤਾਂ ਆਖਿਰ ਕਰੋੜਾਂ ਰਾਮ ਭਗਤਾਂ ਦੀ ਆਸਥਾ ਅਤੇ ਵਿਸ਼ਵਾਸ ਦੀ ਰੱਖਿਆ ਦੀ ਜ਼ਿੰਮੇਵਾਰੀ ਕੌਣ ਲਵੇਗਾ? ਪਾਰਟੀ ਨੇ ਪੁੱਛਿਆ ਕਿ ਕੀ ਇਹੀ ਉਹ ਕਥਿਤ 'ਅਯੋਧਿਆ ਮਾਡਲ' ਹੈ ਜਿਸ ਨੂੰ ਸਾਲਾਂ ਤੱਕ ਦੇਸ਼ ਭਰ ਵਿੱਚ ਸੁਸ਼ਾਸਨ, ਪਾਰਦਰਸ਼ਤਾ ਅਤੇ ਇਮਾਨਦਾਰ ਪ੍ਰਸ਼ਾਸਨ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਸੀ?

ਪਾਰਟੀ ਨੇ ਕਿਹਾ ਕਿ ਭਗਵਾਨ ਸ੍ਰੀ ਰਾਮ ਕਿਸੇ ਇੱਕ ਰਾਜਨੀਤਿਕ ਪਾਰਟੀ ਦੀ ਸੰਪਤੀ ਨਹੀਂ ਹਨ। ਸ੍ਰੀ ਰਾਮ ਕਰੋੜਾਂ ਲੋਕਾਂ ਦੀ ਆਸਥਾ, ਸਭਿਆਚਾਰ ਅਤੇ ਵਿਸ਼ਵਾਸ ਦੇ ਪ੍ਰਤੀਕ ਹਨ ਅਤੇ ਉਨ੍ਹਾਂ ਦੀ ਆਸਥਾ ਨਾਲ ਜੁੜੇ ਕਿਸੇ ਵੀ ਮਾਮਲੇ ਵਿੱਚ ਸੱਚ ਸਾਹਮਣੇ ਆਉਣਾ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਹੋਣਾ ਜ਼ਰੂਰੀ ਹੈ।

ਇਸ ਦੌਰਾਨ ਆਮ ਆਦਮੀ ਪਾਰਟੀ ਨੇ ਦੋਸ਼ ਲਗਾਇਆ ਕਿ ਭਾਜਪਾ ਅਤੇ ਪ੍ਰਸ਼ਾਸਨ ਨੇ ਇਸ ਮੁੱਦੇ 'ਤੇ ਉੱਠ ਰਹੀਆਂ ਜਨਭਾਵਨਾਵਾਂ ਅਤੇ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਲਈ ਪੁਲਿਸ ਦਾ ਸਹਾਰਾ ਲਿਆ। ਪਾਰਟੀ ਦੇ ਅਨੁਸਾਰ ਸ਼ਾਂਤਮਈ ਅਤੇ ਲੋਕਤੰਤਰਿਕ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੇ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲਿਆ ਗਿਆ ਅਤੇ ਉਨ੍ਹਾਂ ਨੂੰ ਸੈਕਟਰ-39 ਪੁਲਿਸ ਥਾਣੇ ਵਿੱਚ ਰੱਖਿਆ ਗਿਆ।

ਪਾਰਟੀ ਨੇ ਕਿਹਾ ਕਿ ਲੋਕਤੰਤਰ ਵਿੱਚ ਲੋਕਾਂ ਦੀ ਆਵਾਜ਼ ਉਠਾਉਣਾ ਵਿਰੋਧੀ ਧਿਰ ਦਾ ਅਧਿਕਾਰ ਅਤੇ ਜ਼ਿੰਮੇਵਾਰੀ ਦੋਵੇਂ ਹਨ, ਪਰ ਭਾਜਪਾ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਵਿਰੋਧ ਦੀ ਆਵਾਜ਼ ਨੂੰ ਦਬਾਉਣ ਲਈ ਪੁਲਿਸ ਅਤੇ ਪ੍ਰਸ਼ਾਸਨਿਕ ਮਸ਼ੀਨਰੀ ਦਾ ਇਸਤੇਮਾਲ ਕਰ ਰਹੀ ਹੈ।

ਆਮ ਆਦਮੀ ਪਾਰਟੀ, ਚੰਡੀਗੜ੍ਹ ਨੇ ਸਪੱਸ਼ਟ ਕੀਤਾ ਕਿ ਹਿਰਾਸਤ, ਦਬਾਅ ਅਤੇ ਦਮਨ ਦੀ ਰਾਜਨੀਤੀ ਨਾਲ ਉਹ ਪਿੱਛੇ ਹਟਣ ਵਾਲੀ ਨਹੀਂ ਹੈ। ਪਾਰਟੀ ਇਸ਼ਤਹਾਰਾਂ, ਬੇਨਿਯਮੀਆਂ ਅਤੇ ਲੋਕਾਂ ਦੀ ਆਸਥਾ ਨਾਲ ਜੁੜੇ ਹਰ ਮੁੱਦੇ ਨੂੰ ਮਜ਼ਬੂਤੀ ਨਾਲ ਉਠਾਉਂਦੀ ਰਹੇਗੀ ਅਤੇ ਲੋਕਤੰਤਰਿਕ ਤਰੀਕੇ ਨਾਲ ਲੋਕਾਂ ਦੀ ਆਵਾਜ਼ ਬੁਲੰਦ ਕੇ ਆਪਣਾ ਸੰਘਰਸ਼ ਜਾਰੀ ਰੱਖੇਗੀ। ÷ਰਾਮ ਦੇ ਨਾਮ 'ਤੇ ਰਾਜਨੀਤੀ ਕਰਨ ਵਾਲਿਆਂ ਨੂੰ ਰਾਮ ਭਗਤਾਂ ਦੀ ਆਸਥਾ ਨਾਲ ਜੁੜੇ ਸਵਾਲਾਂ ਦੇ ਜਵਾਬ ਦੇਣੇ ਹੀ ਪੈਣਗੇ।

# ਅਥਰਵ ਯੂਨੀਵਰਸਿਟੀ ਨੇ ਫਿਲਮ ਨਿਰਮਾਣ ਅਤੇ ਪੱਤਰਕਾਰੀ ਵਿੱਚ ਕੋਰਸ ਦਾ ਐਲਾਨ ਕੀਤਾ

ਚੰਡੀਗੜ੍ਹ,
(ਪੈਗਾਮ-ਏ-ਜਗਤ)

ਅਥਰਵ ਯੂਨੀਵਰਸਿਟੀ, ਮੁੰਬਈ ਨੇ ਕਹਾਣੀਕਾਰ, ਫਿਲਮ ਨਿਰਮਾਤਾ, ਪੱਤਰਕਾਰ, ਕਨਟੇਨਟ ਮੇਕਰ ਅਤੇ ਮੀਡੀਆ ਪ੍ਰਫੈਸ਼ਨਲ ਲਈ ਅਕਾਦਮਿਕ ਸਾਲ 2026-27 ਲਈ ਆਪਣੇ ਉਦਯੋਗ- ਕੇਂਦਰਿਤ ਕੋਰਸ ਦਾ ਐਲਾਨ ਕੀਤਾ ਹੈ। ਇਹ ਆਧੁਨਿਕ ਤਕਨੀਕਾਂ, ਸਕ੍ਰਿਪਟ ਰਾਈਟਿੰਗ, ਸਿਨੇਮੈਟੋਗ੍ਰਾਫੀ, ਸੰਪਾਦਨ, ਡਿਜੀਟਲ ਪੱਤਰਕਾਰੀ, ਖ਼ਬਰਾਂ, ਮੀਡੀਆ ਨੈਤਿਕਤਾ, ਪੋਡਕਾਸਟਿੰਗ, ਫੋਟੋਗ੍ਰਾਫੀ ਅਤੇ ਮਲਟੀਮੀਡੀਆ ਕਹਾਣੀ ਸੁਣਾਉਣ ਵਰਗੇ ਵਿਸ਼ਿਆਂ ਨੂੰ ਕਵਰ ਕਰਦਾ ਹੈ।

ATHARVA UNIVERSITY
MUMBAI
Admission Open
2026-27
BA-Film Making
BA-Media & Communication
Special 25% Scholarship for Last Honoring

# ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਵੱਲੋਂ ਪਿੰਡ ਭੱਟੀਵਾਲ ਕਲਾਂ ਵਿਖੇ ਜੈਵਿਕ ਖਾਦਾਂ ਬਾਰੇ ਜਾਗਰੂਕਤਾ ਕੈਂਪ

ਭਵਾਨੀਗੜ੍ਹ, 27 ਜੂਨ
(ਪੈਗਾਮ-ਏ-ਜਗਤ)

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਡਾ. ਮਨਦੀਪ ਸਿੰਘ, ਇੰਚਾਰਜ (ਟ੍ਰੇਨਿੰਗ) ਦੀ ਅਗਵਾਈ ਹੇਠ ਪਿੰਡ ਭੱਟੀਵਾਲ ਕਲਾਂ ਵਿਖੇ ਕਿਨਵਿਤ ਜੈਵਿਕ ਖਾਦ ਅਤੇ ਤਰਲ ਕਿਨਵਿਤ ਜੈਵਿਕ ਖਾਦ ਬਾਰੇ ਜਾਗਰੂਕਤਾ ਅਤੇ ਸਿਖਲਾਈ ਕੈਂਪ ਲਾਇਆ ਗਿਆ।

ਇਸ ਕੈਂਪ ਦਾ ਉਦੇਸ਼ ਕਿਸਾਨਾਂ ਨੂੰ ਘੱਟ ਲਾਗਤ ਅਤੇ ਵਾਤਾਵਰਨ ਅਨੁਕੂਲ ਪੈਸ਼ਟਿਕ ਤੱਤ ਪ੍ਰਬੰਧਨ ਤਕਨੀਕਾਂ ਬਾਰੇ ਜਾਣੂ ਕਰਵਾਉਣਾ ਅਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੌਕੇ ਡਾ. ਰੁਕਿੰਦਰਪ੍ਰੀਤ ਸਿੰਘ ਧਾਲੀਵਾਲ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਜੈਵਿਕ ਖਾਦਾਂ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਖਾਦਾਂ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਸਿਹਤ ਨੂੰ ਸੁਧਾਰਦੀਆਂ ਹਨ, ਪੌਦਿਆਂ ਲਈ ਪੌਸ਼ਟਿਕ ਤੱਤਾਂ ਦੀ ਉਪਲਬਧਤਾ ਵਧਾਉਂਦੀਆਂ ਹਨ ਅਤੇ ਰਸਾਇਣਕ ਖਾਦਾਂ ਉੱਤੇ ਨਿਰਭਰਤਾ ਘਟਾਉਣ ਵਿੱਚ ਸਹਾਇਕ ਹਨ।

ਉਨ੍ਹਾਂ ਨੇ ਕਿਨਵਿਤ ਜੈਵਿਕ ਖਾਦ ਅਤੇ ਤਰਲ ਕਿਨਵਿਤ ਜੈਵਿਕ ਖਾਦ ਦੀ ਤਿਆਰੀ ਦੀ ਵਿਧੀ, ਵਰਤੋਂ ਦਾ ਤਰੀਕਾ ਅਤੇ ਫਸਲਾਂ ਦੀ ਪੈਦਾਵਾਰ ਅਤੇ ਮਿੱਟੀ ਦੀ ਲੰਬੇ ਸਮੇਂ ਤੱਕ ਉਤਪਾਦਕਤਾ ਵਧਾਉਣ ਵਿੱਚ ਇਨ੍ਹਾਂ ਦੇ ਲਾਭਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਖੇਤੀ ਵਿਭਿੰਨਤਾ ਲਈ ਸਾਉਣੀ ਰੁੱਤ ਦੀ ਮੱਕੀ ਥੀਜ਼ਲ ਲਈ ਉਤਸ਼ਾਹਿਤ ਕੀਤਾ ਅਤੇ ਵਿੱਤੀ ਲਾਭ ਲੈਣ ਲਈ ਆਨਲਾਈਨ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਨ ਦੀ ਪ੍ਰੀਕਿਰਿਆ ਸਮਝਾਈ। ਇਸ ਸਿਖਲਾਈ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਭਾਗ ਲਿਆ ਅਤੇ ਕਿਨਵਿਤ ਜੈਵਿਕ ਖਾਦਾਂ ਦੀ ਤਿਆਰੀ ਅਤੇ ਵਰਤੋਂ ਸਬੰਧੀ ਮਾਹਿਰਾਂ ਨਾਲ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ।

ਕਿਸਾਨਾਂ ਨੇ ਕੇ.ਵੀ.ਕੇ., ਸੰਗਰੂਰ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਇਨ੍ਹਾਂ ਘੱਟ ਲਾਗਤ ਵਾਲੀਆਂ, ਵਾਤਾਵਰਣ ਪੱਖੀ ਤਕਨੀਕਾਂ ਨੂੰ ਅਪਣਾ ਕੇ ਟਿਕਾਊ ਅਤੇ ਵਧੇਰੇ ਲਾਭਕਾਰੀ ਖੇਤੀ ਕਰਨ ਵਿੱਚ ਦਿਲਚਸਪੀ ਪ੍ਰਗਟਾਈ।

## ਡੇਅਰੀ ਵਿਕਾਸ ਵਿਭਾਗ ਦੁੱਧ ਖਪਤਕਾਰ ਜਾਗਰੂਕਤਾ ਮੁਹਿੰਮ

# ਦਫਤਰ, ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ ਸੰਗਰੂਰ ਵਿਖੇ ਕੰਮ ਕਾਜ ਵਾਲੇ ਦਿਨ ਸਵੇਰੇ 9 ਤੋਂ 11 ਵਜੇ ਤਕ ਦੁੱਧ ਚੈਕ ਕਰਵਾ ਸਕਦੇ ਨੇ ਖਪਤਕਾਰ

ਸੰਗਰੂਰ, 27 ਜੂਨ
(ਪੈਗਾਮ-ਏ-ਜਗਤ)

ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ, ਸੰਗਰੂਰ ਵਲੋਂ ਆਪਣੇ ਦਫਤਰ ਸੰਗਰੂਰ ਵਿਖੇ ਖਪਤਕਾਰਾਂ ਵਲੋਂ ਘਰਾਂ ਵਿੱਚ ਵਰਤੇ ਜਾਣ ਵਾਲੇ ਦੁੱਧ ਦੀ ਗੁਣਵੱਤਾ ਦੀ ਮੁਫਤ ਜਾਂਚ ਲਈ ਸਹੂਲਤ ਉਪਲਬਧ ਹੈ। ਦੁੱਧ ਖਪਤਕਾਰਾਂ ਨੂੰ ਦੁੱਧ ਦੀ ਗੁਣਵੱਤਾ ਸਬੰਧੀ ਜਾਗਰੂਕ ਕਰਨ ਲਈ ਵਿਭਾਗ ਵਲੋਂ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸੰਗਰੂਰ ਸ੍ਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਕੈਬਨਿਟ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਵਿਭਾਗ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਸ੍ਰ ਵਰਿਆਮ ਸਿੰਘ ਗਿੱਲ ਦੇ ਨਿਰਦੇਸ਼ਾਂ ਅਨੁਸਾਰ ਦੁੱਧ ਖਪਤਕਾਰਾਂ ਨੂੰ ਸੁੱਧ ਤੇ ਮਿਆਰੀ ਦੁੱਧ ਉਪਲਬਧ ਕਰਵਾਉਣ ਦੀ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਜ਼ਿਲ੍ਹਾ ਸੰਗਰੂਰ ਦੇ ਦੁੱਧ ਉਤਪਾਦਕਾਂ, ਦੁੱਧ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਦੁੱਧ ਦੇ ਸੈਂਪਲਾਂ ਦੀ ਜਾਂਚ ਕਰਵਾਉਣ ਲਈ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸੰਗਰੂਰ ਵਿਖੇ ਕੰਮ ਕਾਜ ਵਾਲੇ ਦਿਨ ਸਵੇਰੇ 9 ਤੋਂ 11 ਵਜੇ ਤੱਕ ਪਹੁੰਚ ਕਰਕੇ ਦੁੱਧ ਚੈਕ ਕਰਵਾ ਸਕਦੇ ਹਨ ਅਤੇ ਸੁੱਧ ਦੁੱਧ ਦੀ ਮੁਹਿਮ ਨੂੰ ਕਾਮਯਾਬ ਕਰਨ ਲਈ ਆਪਣਾ ਯੋਗਦਾਨ ਪਾ ਸਕਦੇ ਹਨ।

# ਅੰਬਾਲਾ ਪੁਲੀਸ ਵੱਲੋਂ 'ਆਪ੍ਰੇਸ਼ਨ ਮੈਦਾਨ' ਤਹਿਤ ਨਸ਼ਾ ਤਸਕਰਾਂ ਦੇ ਘਰਾਂ ਤੇ ਸਵੇਰੇ-ਸਵੇਰੇ ਛਾਪੇਮਾਰੀ

ਪੈਗਾਮ-ਏ-ਜਗਤ
ਅੰਬਾਲਾ, 26 ਜੂਨ (ਆਰ.ਸਿੰਘ)

- ਇੱਕ ਸਕਾਰਪੀਓ ਕਾਰ ਅਤੇ 15 ਸ਼ੱਕੀ ਦੋ-ਪਹੀਆ ਵਾਹਨ ਜ਼ਬਤ; ਜਾਂਚ ਤੋਂ ਬਾਅਦ ਹੋਵੇਗੀ ਸਖ਼ਤ ਕਾਰਵਾਈ

ਅੰਬਾਲਾ ਪੁਲੀਸ ਨੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਅਤੇ ਨਸ਼ਾ ਤਸਕਰਾਂ ਦੇ ਨੈੱਟਵਰਕ ਨੂੰ ਜੜ੍ਹੋਂ ਪੁੱਟਣ ਲਈ ਕੀਤੀ ਜਾ ਰਹੀ ਕਾਰਵਾਈ ਦੇ ਤਹਿਤ ਆਈਜੀਪੀ ਅੰਬਾਲਾ ਡਿਵੀਜ਼ਨ ਪੰਕਜ ਨੈਨ ਅਤੇ ਐਸ.ਪੀ ਅਜੀਤ ਸਿੰਘ ਸ਼ੇਖਾਵਤ ਦੀ ਅਗਵਾਈ ਹੇਠ ਇੱਕ ਵਾਰ ਫਿਰ 'ਆਪ੍ਰੇਸ਼ਨ ਮੈਦਾਨ' ਤਹਿਤ ਸਵੇਰੇ-ਸਵੇਰੇ ਡੰਗ ਸਕੂਐਡ ਅਤੇ ਏਐਨਸੀ ਟੀਮਾਂ ਨਾਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਪਛਾਣੇ ਗਏ ਹਾਟ-ਸਪਾਟ ਖੇਤਰਾਂ ਵਿੱਚ ਇੱਕੋ ਸਮੇਂ ਛਾਪੇਮਾਰੀ ਕੀਤੀ। ਇਸ ਵਿਆਪਕ ਤਲਾਸ਼ੀ ਮੁਹਿੰਮ ਵਿੱਚ ਐਂਟੀ-ਨਾਰਕੋਟਿਕਸ ਸੈੱਲ (ਏਐਨਸੀ) ਅਤੇ ਡੰਗ ਸਕੂਐਡ ਤੋਂ ਬਿਨਾ ਅੰਬਾਲਾ ਛਾਉਣੀ, ਮੁਲਾਣਾ, ਪਡੱਓਲ, ਸਦਰ ਅੰਬਾਲਾ ਸ਼ਹਿਰ, ਬਰਾੜਾ, ਸੈਕਟਰ 9, ਪੰਜੇਖਰਾ ਸਾਹਿਬ ਅਤੇ ਨਰਾਣਿਣਗੜ੍ਹ ਥਾਣਿਆਂ ਦੀਆਂ ਟੀਮਾਂ ਸ਼ਾਮਲ ਸਨ।

ਇਸ ਤੀਬਰ ਤਲਾਸ਼ੀ ਦੌਰਾਨ ਸ਼ੱਕੀ ਵਿਅਕਤੀਆਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਅਤੇ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਦੀ ਪਛਾਣ ਕੀਤੀ ਗਈ। ਪੁਲੀਸ ਨੇ ਮੌਕੇ ਤੋਂ ਇੱਕ ਸਕਾਰਪੀਓ ਕਾਰ ਅਤੇ 15 ਸ਼ੱਕੀ ਦੋਪਹੀਆ ਵਾਹਨ ਜ਼ਬਤ ਕੀਤੇ। ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਨ ਤੋਂ ਬਾਅਦ ਅੱਗੇ ਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪੁਲੀਸ ਬੁਲਾਰੇ ਨੇ ਦੱਸਿਆ ਕਿ ਅੰਬਾਲਾ ਪੁਲੀਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕਾਂ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਇੱਕ ਵਿਸ਼ੇਸ਼ ਰਣਨੀਤੀ ਅਪਣਾਈ ਹੈ। ਸਮੁਗਲਰਾਂ 'ਤੇ ਨਜ਼ਦੀਕੀ ਨਜ਼ਰ ਰੱਖਣ ਲਈ ਸਾਦੇ ਕੱਪੜਿਆਂ ਵਿੱਚ ਪੁਲੀਸ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਇਹ ਅਧਿਕਾਰੀ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਤੱਕ ਪਹੁੰਚਣ ਲਈ ਧੋਖੇਬਾਜ਼ ਗਾਹਕਾਂ ਵਜੋਂ ਪੇਸ਼ ਆ ਰਹੇ ਹਨ।

ਮਾਮਲੇ ਦੀ ਰਿਪੋਰਟ ਕਰਦੇ ਹੋਏ ਅੰਬਾਲਾ ਦੇ ਐਸਪੀ ਅਜੀਤ ਸਿੰਘ ਸ਼ੇਖਾਵਤ ਨੇ ਅਪਰਾਧੀਆਂ ਨੂੰ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ। ਉਨ੍ਹਾਂ ਕਿਹਾ: ਅੰਬਾਲਾ ਵਿੱਚ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਇਹ ਮੁਹਿੰਮ ਜ਼ਿਲ੍ਹੇ ਦੇ ਹਰ ਹਾਟ ਸਪਾਟ ਖੇਤਰ ਵਿੱਚ ਬਿਨਾਂ ਕਿਸੇ ਪੂਰਵ ਸੂਚਨਾ ਦੇ ਜਾਰੀ ਰਹੇਗੀ।

ਨਸ਼ਾ ਤਸਕਰਾਂ ਨੂੰ ਜਾਂ ਤਾਂ ਅਪਰਾਧ ਛੱਡ ਕੇ ਮੁੱਖ ਧਾਰਾ ਵਿੱਚ ਵਾਪਸ ਆਉਣਾ ਚਾਹੀਦਾ ਹੈ ਜਾਂ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ। ÷ਅੰਬਾਲਾ ਪੁਲੀਸ ਨੇ ਵਿਸ਼ੇਸ਼ ਹੈਲਪ ਲਾਈਨ ਨੰਬਰ ਜਾਰੀ: 9729-990112 ਜਾਰੀ ਕਰਕੇ ਜਨਤਾ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

## ਕੈਬਨਿਟ ਮੰਤਰੀ ਗੋਇਲ ਦਾ ਖਨੌਰੀ ਮੰਡੀ ਨੂੰ ਤੋਹਫ਼ਾ

# 18 ਕਰੋੜ ਦੀ ਲਾਗਤ ਨਾਲ ਬਣਨ ਵਾਲੇ 'ਜਲ ਸ਼ੁੱਧੀਕਰਨ ਪਲਾਂਟ' ਦਾ ਰੱਖਿਆ ਨੀਂਹ ਪੱਥਰ

ਖਨੌਰੀ/ਸੰਗਰੂਰ, 27 ਜੂਨ
(ਪੈਗਾਮ-ਏ-ਜਗਤ)

- ਪ੍ਰੋਜੈਕਟ ਤਹਿਤ ਪੀਣ ਲਈ ਸਪਲਾਈ ਕੀਤਾ ਜਾਵੇਗਾ ਨਹਿਰੀ ਪਾਣੀ

ਹਲਕਾ ਲਹਿਰਾ ਦੇ ਕਸਬਾ ਖਨੌਰੀ ਵਿਖੇ ਸਹਿਰ ਨਿਵਾਸੀਆਂ ਦੀ ਸ਼ੁੱਧ ਪੀਣ ਵਾਲੇ ਪਾਣੀ ਸਬੰਧੀ ਦਰਪੇਸ਼ ਸਮੱਸਿਆ ਨੂੰ ਹੱਲ ਕਰਦਿਆਂ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਖਨੌਰੀ ਨਿਵਾਸੀਆਂ ਨੂੰ ਸ਼ੁੱਧ ਪੀਣ ਦੇ ਪਾਣੀ ਦਾ ਤੋਹਫਾ ਦਿੰਦਿਆਂ ਅੱਜ ਖਨੌਰੀ ਵਿਖੇ 18 ਕਰੋੜ 13 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਜਲ ਸ਼ੁੱਧੀਕਰਨ ਪਲਾਂਟ (ਵਾਟਰ ਵਰਕਸ) ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਤਹਿਤ ਨਹਿਰ ਦੇ ਪਾਣੀ ਨੂੰ ਸ਼ੁੱਧ ਕਰ ਕੇ ਪੀਣ ਲਈ ਸਪਲਾਈ ਕੀਤਾ ਜਾਵੇਗਾ।

ਇਸ ਮੌਕੇ ਖਨੌਰੀ ਨਿਵਾਸੀਆਂ ਵੱਲੋਂ ਬਰਿਦਰ ਕੁਮਾਰ ਗੋਇਲ ਦਾ ਧੰਨਵਾਦ ਕਰਦਿਆਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਕਿਹਾ ਕਿ ਮੰਤਰੀ ਸ੍ਰੀ ਗੋਇਲ ਨੇ ਸ਼ੁੱਧ ਪੀਣ ਵਾਲੇ ਪਾਣੀ ਸਬੰਧੀ ਸਮੱਸਿਆ ਦਾ ਹੱਲ ਕਰਕੇ ਖਨੌਰੀ ਨਿਵਾਸੀਆਂ ਨੂੰ ਬਹੁਤ ਵੱਡਾ ਤੋਹਫਾ ਦਿੱਤਾ ਹੈ।

ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੰਤਰੀ ਗੋਇਲ ਨੇ ਕਿਹਾ ਕਿ ਲਹਿਰਾ ਹਲਕਾ ਉਹਨਾਂ ਦਾ ਆਪਣਾ ਪਰਿਵਾਰ ਹੈ, ਇਸ ਲਈ ਹਲਕੇ ਅੰਦਰ ਵਿਕਾਸ ਕੰਮ ਕਰਵਾਉਣਾ ਅਤੇ ਲੋਕਾਂ ਦੇ ਦੁੱਖ ਸੁੱਖ ਵਿੱਚ ਖੜ੍ਹਨਾ ਕਿਸੇ 'ਤੇ ਅਹਿਸਾਨ ਨਹੀਂ, ਬਲਕਿ ਉਹਨਾਂ ਦੀ ਜ਼ਿੰਮੇਵਾਰੀ ਹੈ। ਗੋਇਲ ਨੇ ਕਿਹਾ ਕਿ ਉਕਤ ਵਾਟਰ ਟਰੀਟਮੇਂਟ ਪਲਾਂਟ ਨੂੰ ਤੈਅ ਸਮੇਂ ਵਿੱਚ ਤਿਆਰ ਕਰ ਲਿਆ ਜਾਵੇਗਾ ਅਤੇ ਜਲਦੀ ਹੀ ਖਨੌਰੀ ਨਿਵਾਸੀਆਂ ਨੂੰ ਸ਼ੁੱਧ ਪੀਣ ਦਾ ਪਾਣੀ ਉਪਲਬਧ ਹੋ ਜਾਵੇਗਾ। ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਜਾਂ ਭਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਕਤ ਪਲਾਂਟ 'ਤੇ 0.50 ਲੱਖ ਗੇਲਨ ਪਾਣੀ ਵਾਲੀ ਵੱਡੀ ਟੈਂਕੀ ਬਣਾਈ ਜਾਵੇਗੀ ਤਾਂ ਜੋ ਲੋਕਾਂ ਨੂੰ ਪਾਣੀ ਦੀ ਕਮੀ ਨਾ ਰਹੇ, ਉਨ੍ਹਾਂ ਕਿਹਾ ਕਿ ਜਿੱਥੇ ਹਲਕੇ ਦੇ ਵੱਖ-ਵੱਖ ਪਿੰਡਾਂ ਅੰਦਰ ਨਵੇਂ ਵਾਟਰ ਵਰਕਸ ਲਗਾਏ ਜਾ ਰਹੇ ਹਨ, ਉੱਥੇ ਹੀ ਸ਼ੁੱਧ ਪੀਣ ਦਾ ਪਾਣੀ ਉਪਲਬਧ ਕਰਵਾਉਣ ਲਈ ਆਰ.ਓ. ਲਗਾਏ ਜਾ ਰਹੇ ਹਨ ਅਤੇ ਖਰਾਬ ਪਏ ਆਰ.ਓਜ਼ ਨੂੰ ਠੀਕ ਕਰਵਾਇਆ ਜਾ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਪੀਣ ਵਾਲੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਅਤੇ ਸਪਲਾਈ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ 315 ਕਰੋੜ ਰੁਪਏ ਦੇ ਨਵੇਂ ਪ੍ਰੋਜੈਕਟਾਂ ਨੂੰ ਮਨਜ਼ੂਰ ਕੀਤਾ ਗਿਆ ਹੈ। ਪੰਜਾਬ ਦੇ ਕਈ ਇਲਾਕਿਆਂ ਵਿੱਚ ਖਾਸ ਕਰਕੇ ਮਾਲਵਾ ਵਿੱਚ ਧਰਤੀ ਹੇਠਲਾ ਪਾਣੀ ਪੀਣ ਦੇ ਯੋਗ ਨਹੀਂ, ਇਸ ਲਈ ਸਰਕਾਰ ÷ਸਰਬੰਸ ਵਾਟਰ ਪ੍ਰੋਜੈਕਟ÷ ਤਹਿਤ ਟ੍ਰਿਊਬਵੈਲਾਂ ਦੀ ਬਜਾਏ ਨਹਿਰੀ ਪਾਣੀ ਨੂੰ ਸਾਫ ਕਰਕੇ ਘਰਾਂ ਤੱਕ ਪਹੁੰਚਾ ਰਹੀ ਹੈ। ਵਿਸ਼ਵ ਬੈਂਕ ਦੀ ਮਦਦ ਨਾਲ ਵੱਖ-ਵੱਖ ਥਾਵਾਂ 'ਤੇ ਸ਼ਹਿਰਾਂ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਡੇ ਟਰੀਟਮੇਂਟ ਪਲਾਂਟ ਲਗਾਏ ਜਾ ਰਹੇ ਹਨ।

ਇਸ ਮੌਕੇ ਉਨ੍ਹਾਂ ਨੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਸਕੀਮਾਂ ਤੇ ਪਾਪਤੀਆਂ ਬਾਰੇ ਦੱਸਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਦੇ ਹਰ ਪਰਿਵਾਰ ਨੂੰ 600 ਯੂਨਿਟ ਬਿਜਲੀ ਮੁਆਫ ਕੀਤੀ ਗਈ, 65 ਹਜ਼ਾਰ ਤੋਂ ਵੱਧ ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ, ਜੁਲਾਈ ਮਹੀਨੇ ਜਨਰਲ ਮਹਿਲਾਵਾਂ ਨੂੰ ਹਜ਼ਾਰ ਰੁਪਏ ਅਤੇ ਦਲਿਤ ਮਹਿਲਾਵਾਂ ਨੂੰ 1500 ਪ੍ਰਤੀ ਮਹੀਨਾ ਮਿਲਣੇ ਸ਼ੁਰੂ ਹੋ ਜਾਣਗੇ ਜੋ ਕਿ ਪੰਜਾਬ ਸਰਕਾਰ ਦੇ ਇਤਿਹਾਸਿਕ ਕੰਮ ਹਨ। ਉਹਨਾਂ ਨੇ ਵਿਰੋਧੀਆਂ ਨੂੰ ਕਰਤੇ ਹੱਥੀਂ ਲੈਂਦਿਆਂ ਕਿਹਾ ਕਿ ਵਿਰੋਧੀਆਂ ਕੋਲ ਸਰਕਾਰ ਨੂੰ ਕੋਸਣ ਤੋਂ ਬਿਨਾ ਕੋਈ ਕੰਮ ਨਹੀਂ, ਵਿਰੋਧੀਆਂ ਨੂੰ ਪੰਜਾਬ ਦਾ ਵਿਕਾਸ, ਖੁਸ਼ਹਾਲੀ ਅਤੇ ਅਮਨ ਸ਼ਾਂਤੀ ਰਾਸ ਨਹੀਂ ਆ ਰਹੀ ਤੇ ਲੋਕ ਇਹਨਾਂ ਨੂੰ ਬਿਲਕੁਲ ਮੂੰਹ ਨਹੀਂ ਲਾਉਣਗੇ।

ਇਸ ਮੌਕੇ ਬਲਾਕ ਪ੍ਰਧਾਨ ਤੇ ਟਰੱਕ ਯੂਨੀਅਨ ਦੇ ਪ੍ਰਧਾਨ ਬੀਰਭਾਨ ਕਾਂਸਲ ਖਨੌਰੀ ਮੰਡੀ, ਬਲਾਕ ਪ੍ਰਧਾਨ ਵਿਜ਼ਾਲ ਕਾਂਸਲ, ਸੰਜੇ ਸਿੰਗਲਾ, ਨਗਰ ਪੰਚਾਇਤ ਖਨੌਰੀ ਦੇ ਸਾਬਕਾ ਪ੍ਰਧਾਨ ਗਿਰਧਾਰੀ ਲਾਲ, ਜੀਤੀ ਨੰਬਰਦਾਰ ਕੌਸਲਰ, ਸੁਰਿੰਦਰ ਕਰੌਦਾ, ਅਨਿਲ ਕੁਮਾਰ, ਰਾਜ ਕੁਮਾਰ ਚੌਹਾਨ, ਅਸ਼ੋਕ ਕੁਮਾਰ ਠੇਕੇਦਾਰ, ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਓ.ਐਸ.ਡੀ. ਰਕੇਸ਼ ਕੁਮਾਰ ਗੁਪਤਾ ਵਿੱਕੀ ਅਤੇ ਹੋਰ ਆਗੂ ਅਤੇ ਵਲੰਟੀਅਰ ਵੀ ਹਾਜ਼ਰ ਸਨ।

# ਵੈਟਨਰੀ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਨੇ ਉੱਘੇ ਡੇਅਰੀ ਅਦਾਰੇ 'ਅਮੂਲ' ਵਿੱਚ ਪ੍ਰਾਪਤ ਕੀਤੀ ਨਿਯੁਕਤੀ

ਲੁਧਿਆਣਾ, 27 ਜੂਨ
(ਪੈਗਾਮ-ਏ-ਜਗਤ)

ਕਾਲਜ ਆਫ਼ ਡੇਅਰੀ ਐਂਡ ਫੂਡ ਸਾਇੰਸ ਟੈਕਨਾਲੋਜੀ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਦੋ ਗ੍ਰੈਜੂਏਟਾਂ ਨੇ ਇੱਕ ਵਾਰ ਫਿਰ ਭਾਰਤ ਦੇ ਮੋਹਰੀ ਡੇਅਰੀ ਸਹਿਕਾਰੀ ਅਦਾਰੇ 'ਅਮੂਲ' ਵਿੱਚ ਨਿਯੁਕਤੀ ਪ੍ਰਾਪਤ ਕਰਕੇ ਆਪਣੀ ਅਕਾਦਮਿਕ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਹੈ।

ਆਪਣੀ ਕੈਂਪਸ ਭਰਤੀ ਮੁਹਿਮ ਦੇ ਹਿੱਸੇ ਵਜੋਂ, ਅਮੂਲ ਦੀ ਭਰਤੀ ਟੀਮ ਨੇ ਯੋਗ ਬੀ. ਟੈਕ. (